ਸ਼ੁੱਕਰਵਾਰ, 28 ਅਪ੍ਰੈਲ, 2023
15 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 327

# ਨਵਾਂ ਜ਼ਮਾਨਾ

DAILY NAWAN ZAMANA • FRIDAY, 28 APRIL, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਸਭ ਤੋਂ ਵੱਡੀ ਖਾਪ ਪੰਚਾਇਤ ਪਹਿਲਵਾਨਾਂ ਦੀ ਹਮਾਇਤ 'ਚ

## ਬਿੰਦਰਾ ਵੱਲੋਂ ਨਿਰਪੱਖ ਜਾਂਚ 'ਤੇ ਜ਼ੋਰ, ਪੀ ਟੀ ਊਸ਼ਾ ਵੱਲੋਂ ਧਰਨਾ ਅਨੁਸ਼ਾਸਨਹੀਣਤਾ ਕਰਾਰ

**ਨਵੀਂ ਦਿੱਲੀ :** ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸਿੰਘ ਦੇ ਖਿਲਾਫ ਜੰਤਰ-ਮੰਤਰ ਵਿਖੇ ਪਹਿਲਵਾਨਾਂ ਦੇ ਧਰਨੇ ਦੇ ਪੰਜਵੇਂ ਦਿਨ ਹਰਿਆਣਾ ਤੇ ਯੂ ਪੀ ਦੀਆਂ ਕਈ ਖਾਪ ਪੰਚਾਇਤਾਂ ਦੇ ਨੁਮਾਇੰਦੇ ਪੁੱਜੇ ਤੇ ਪਹਿਲਵਾਨ ਕੁੜੀਆਂ ਨਾਲ ਯੌਨ ਸ਼ੋਸ਼ਣ ਦੇ ਦੋਸ਼ਾਂ ਤਹਿਤ ਪ੍ਰਧਾਨ ਖਿਲਾਫ ਤੁਰੰਤ ਐੱਫ ਆਈ ਆਰ ਦਰਜ ਕਰਕੇ ਗ੍ਰਿਫਤਾਰੀ ਦੀ ਮੰਗ ਕੀਤੀ। ਹਮਾਇਤ ਵਿਚ ਪੁੱਜਣ ਵਾਲਿਆਂ 'ਚ ਉੱਤਰ ਭਾਰਤ ਦੀ ਸਭ ਤੋਂ ਵੱਡੀ ਖਾਪ ਪੰਚਾਇਤ ਪਾਲਮ-360 ਦੇ ਪ੍ਰਧਾਨ ਚੌਧਰੀ ਸੁਰਿੰਦਰ ਸੋਲੰਕੀ ਵੀ ਸਨ।

ਇਸੇ ਦੌਰਾਨ ਹਰਿਆਣਾ ਕੁਸ਼ਤੀ ਐਸੋਸੀਏਸ਼ਨ ਦੇ ਜਨਰਲ ਸਕੱਤਰ ਰਾਕੇਸ਼ ਨੇ ਕਿਹਾ ਕਿ ਵਿਨੇਸ਼ ਫੋਗਾਟ ਤੇ ਸਾਕਸ਼ੀ ਨਾਲ ਕੁਝ ਵੀ ਗਲਤ ਨਹੀਂ ਹੋਇਆ। ਫੋਗਾਟ ਪਰਵਾਰ ਕੁਸ਼ਤੀ ਫੈਡਰੇਸ਼ਨ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਕਾਂਗਰਸੀ ਆਗੂ ਪਹਿਲਵਾਨਾਂ ਨੂੰ ਭੜਕਾ ਰਹੇ ਹਨ। ਬਜਰੰਗ ਪੂਨੀਆ ਸਰਕਾਰੀ ਅਧਿਕਾਰੀ ਹੈ ਤੇ ਉਹ ਬਿਨਾਂ ਆਗਿਆ ਦੇ ਧਰਨੇ 'ਤੇ ਨਹੀਂ ਬੈਠ ਸਕਦਾ।

ਉਧਰ, ਪੂਨੀਆ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਦਾ ਕਵਰ ਬਦਲ ਲਿਆ ਹੈ। ਪਹਿਲਾਂ ਉਸ ਦੀ ਪ੍ਰਧਾਨ ਮੰਤਰੀ ਮੋਦੀ ਨਾਲ ਹੱਥ ਮਿਲਾਉਂਦੇ ਦੀ ਫੋਟੋ ਸੀ,



ਉੱਤਰ ਭਾਰਤ ਦੀ ਸਭ ਤੋਂ ਵੱਡੀ ਖਾਪ ਪੰਚਾਇਤ ਪਾਲਮ-360 ਦੇ ਪ੍ਰਧਾਨ ਸੁਰਿੰਦਰ ਸੋਲੰਕੀ ਪਹਿਲਵਾਨਾਂ ਦੀ ਹਮਾਇਤ 'ਚ ਧਰਨੇ 'ਤੇ ਬੈਠੇ ਹੋਏ।

ਪਰ ਹੁਣ ਸਿੰਗਲ ਫੋਟੋ ਲਾ ਲਈ ਹੈ।

ਦੰਗਲ ਗਰਲ ਇੰਟਰਨੈਸ਼ਨਲ ਰੈਸਲਰ ਗੀਤਾ ਫੋਗਾਟ ਵੀ ਪਹਿਲਵਾਨਾਂ ਦੀ ਹਮਾਇਤ 'ਚ ਆ ਗਈ। ਉਸ ਨੇ ਟਵੀਟ ਕੀਤਾ—ਸੱਚ ਪ੍ਰੇਸ਼ਾਨ ਹੋ ਸਕਦਾ ਹੈ, ਪਰ ਹਾਰ ਨਹੀਂ ਸਕਦਾ।

ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਸਰਕਾਰ ਨੇ ਹਰ ਕਿਸੇ ਨੂੰ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ। ਮੋਦੀ ਸਰਕਾਰ ਖਿਡਾਰੀਆਂ ਨਾਲ ਖੜ੍ਹੀ ਹੈ। ਉਨ੍ਹਾਂ ਲਈ ਖੇਡ ਪ੍ਰਾਥਮਿਕਤਾ ਹੈ, ਜਿਸ 'ਤੇ ਸਮਝੌਤਾ ਨਹੀਂ ਕਰਨਗੇ।

ਪਹਿਲਵਾਨਾਂ ਦੇ ਪ੍ਰੋਟੈਸਟ ਦਰਮਿਆਨ ਬ੍ਰਿਜ ਭੂਸ਼ਣ ਦਾ ਇਕ ਵੀਡੀਓ ਸਾਹਮਣੇ ਆਇਆ ਹੈ, ਜਿਸ ਵਿਚ ਉਹ ਕਵਿਤਾ ਪੜ੍ਹਦਾ ਕਹਿ ਰਿਹਾ ਹੈ—ਜਿਸ ਦਿਨ ਮੇਰਾ ਸੰਘਰਸ਼ ਖਤਮ ਹੋ ਜਾਏਗਾ, ਉਸ ਦਿਨ ਮੇਰੀ ਮ੍ਰਿਤੂ ਹੋ ਜਾਏਗੀ।

ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਟਵੀਟ ਕੀਤਾ ਹੈ—ਪਿੰਡਾਂ ਵਿਚ ਇਸ ਮੁੱਦੇ 'ਤੇ ਬਹੁਤ ਗੁੱਸਾ ਹੈ। ਖਿਡਾਰੀ ਕਿਸੇ ਜਾਤ, ਸਮਾਜ ਜਾਂ ਖੇਤਰ ਦੇ ਨਹੀਂ ਹਨ, ਸਗੋਂ ਸਾਡੇ ਸਭ ਦੇ ਹਨ। ਖਿਡਾਰੀਆਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ।

● ਬਾਕੀ ਸਫ਼ਾ 2 'ਤੇ

# ਪੰਜਾਬ 'ਚ ਸਭ ਤੋਂ ਵੱਧ ਰਾਜ ਕਰਨ ਵਾਲੇ ਬਾਦਲ ਦਾ ਅੰਤਮ ਸੰਸਕਾਰ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ)**

ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਦਾ ਵੀਰਵਾਰ ਇੱਥੇ ਪੂਰੇ ਰਾਜਕੀ ਸਨਮਾਨਾਂ ਨਾਲ ਅੰਤਮ ਸੰਸਕਾਰ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਲੋਕ ਮੌਜੂਦ ਸਨ। ਬਾਦਲ ਦੀ ਚਿਤਾ ਨੂੰ ਅਗਨੀ ਉਨ੍ਹਾ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਨੇ ਦਿਖਾਈ।

ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ, ਮੁੱਖ ਮੰਤਰੀ ਭਗਵੰਤ ਮਾਨ, ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ, ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ, ਐੱਨ ਸੀ ਪੀ ਦੇ ਪ੍ਰਧਾਨ ਸ਼ਰਦ ਪਵਾਰ, ਸਾਬਕਾ ਕੇਂਦਰੀ ਮੰਤਰੀ ਪ੍ਰਫੁਲ ਪਟੇਲ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਦੀਪਿੰਦਰ ਹੁੱਡਾ, ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਨੈਸ਼ਨਲ ਕਾਨਫਰੰਸ ਨੇਤਾ ਉਮਰ ਅਬਦੁੱਲਾ, ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ, ਕੈਬਨਿਟ ਮੰਤਰੀ ਅਮਨ ਅਰੋੜਾ ਤੇ ਡਾ. ਬਲਜੀਤ ਕੌਰ, ਜਗਦੀਪ ਸਿੰਘ ਕਾਕਾ ਬਰਾੜ ਹਲਕਾ ਵਿਧਾਇਕ ਸ੍ਰੀ ਮੁਕਤਸਰ ਸਾਹਿਬ, ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਅਕਾਲ ਤਖਤ, ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਗਿਆਨੀ ਜਗਤਾਰ ਸਿੰਘ ਤੇ ਹਰਮੀਤ ਸਿੰਘ ਕਾਲਕਾ ਪ੍ਰਧਾਨ ਡੀ ਐੱਸ ਜੀ ਐੱਮ ਸੀ ਵੀ ਬਾਦਲ ਦੇ ਸਤਿਕਾਰ ਵਿਚ ਲੰਬੀ ਪੁੱਜੇ।

ਪੰਜਾਬ ਪੁਲਸ ਦੇ ਜਵਾਨਾਂ ਨੇ ਹਥਿਆਰ ਪੁੱਠੇ ਕਰਕੇ ਬਾਦਲ ਨੂੰ ਸਲਾਮੀ ਦਿੱਤੀ। ਉਨ੍ਹਾ ਦੀ ਅੰਤਿਮ ਯਾਤਰਾ ਟਰੈਕਟਰ-ਟਰਾਲੀ 'ਤੇ ਕੱਢੀ ਗਈ। ਇਸ ਨੂੰ ਵੱਖ-ਵੱਖ ਤਰ੍ਹਾਂ ਦੇ ਫੁੱਲਾਂ ਨਾਲ ਸਜਾਇਆ ਗਿਆ। ਇਸ ਦੇ ਉੱਪਰ ਉਨ੍ਹਾਂ ਦੀ ਹੱਸਦੇ ਹੋਏ ਚਿਹਰੇ ਵਾਲੀ ਤਸਵੀਰ ਵੀ ਲਗਾਈ ਗਈ। ਬਾਦਲ ਦੇਸ਼ ਦੀ ਪਹਿਲੀ ਗੈਰ ਕਾਂਗਰਸੀ ਸਰਕਾਰ ਵਿਚ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਦੇ ਸਮੇਂ ਕੇਂਦਰੀ ਖੇਤੀਬਾੜੀ ਮੰਤਰੀ ਵੀ ਰਹੇ। ਉਨ੍ਹਾ ਦੀ ਦੇਹ ਅੰਤਮ ਸੰਸਕਾਰ ਤੋਂ ਪਹਿਲਾਂ ਉਨ੍ਹਾ ਦੀ ਰਿਹਾਇਸ਼ 'ਤੇ ਦਰਸ਼ਨਾਂ ਹਿੱਤ ਰੱਖੀ ਗਈ। ਇਸ ਮੌਕੇ ਪੰਜਾਬ, ਹਰਿਆਣਾ ਅਤੇ ਦੂਰ-ਦੁਰਾਡੇ ਤੋਂ ਉਨ੍ਹਾਂ ਦੇ ਚਾਹੁੰਣ ਵਾਲਿਆਂ ਦੀਆਂ ਕਤਾਰਾਂ ਲਗਾਤਾਰ ਵਧਦੀਆਂ ਰਹੀਆਂ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬੀਬੀ ਹਰਸਿਮਰਤ ਕੌਰ ਬਾਦਲ, ਜਵਾਈ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਬੀਬੀ ਪਰਨੀਤ ਕੌਰ, ਭਤੀਜੇ ਮਨਪ੍ਰੀਤ ਸਿੰਘ ਬਾਦਲ, ਬਿਕਰਮ ਮਜੀਠੀਆ, ਅਰਜੁਨ ਸਿੰਘ ਬਾਦਲ, ਅਨੰਤਬੀਰ ਸਿੰਘ ਬਾਦਲ, ਹਰਕੀਰਤ ਕੌਰ ਅਤੇ ਗੁਰਲੀਨ ਕੌਰ ਮੌਕੇ 'ਤੇ ਮੌਜੂਦ ਸਨ।

ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਕਿਹਾ ਕਿ ਸਾਡੇ ਸੰਸਕਾਰ ਸਾਨੂੰ ਇਹ ਸਿੱਖਿਆ ਦਿੰਦੇ ਹਨ ਕਿ ਅੰਤਮ ਯਾਤਰਾ ਸਮੇਂ ਇਨਸਾਨ ਦੇ ਗੁਣਾਂ ਨੂੰ ਚਿਤਾਰਿਆ ਜਾਵੇ, ਮਿੱਠੀ ਬੋਲੀ, ਨਿਮਰਤਾ, ਖੇਤਰੀ ਪਾਰਟੀ ਦੇ ਰੂਪ 'ਚ ਅਕਾਲੀ ਦਲ ਨੂੰ ਅਹਿਮ ਦਰਜਾ ਦਿਵਾਉਣ 'ਚ ਉਹਨਾ ਦਾ ਯੋਗਦਾਨ ਹਮੇਸ਼ਾ ਯਾਦ ਰੱਖਿਆ ਜਾਵੇਗਾ।



## ਹਾਦਸੇ 'ਚ 3 ਮੌਤਾਂ



**ਬਠਿੰਡਾ :** ਤਲਵੰਡੀ ਮਾਰਗ 'ਤੇ ਪਿੰਡ ਕੋਟਸ਼ਮੀਰ ਜੀਵਨ ਸਿੰਘ ਵਾਲੇ ਨੇੜੇ ਬੁੱਧਵਾਰ ਰਾਤ ਅਣਪਛਾਤੇ ਵਾਹਨ ਦੀ ਟੱਕਰ ਕਾਰਨ ਵੈਗਨਆਰ ਸਵਾਰ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਇਨ੍ਹਾਂ ਦੀ ਪਛਾਣ ਪਨਬੱਸ ਸ੍ਰੀ ਮੁਕਤਸਰ ਸਾਹਿਬ ਡਿਪੂ ਦੇ ਡਰਾਈਵਰ ਬਲਜਿੰਦਰ ਸਿੰਘ (45) ਪੁੱਤਰ ਸੁਖਦੇਵ ਸਿੰਘ, ਪਰਮਜੀਤ ਸਿੰਘ (60) ਪੁੱਤਰ ਸਾਧੂ ਸਿੰਘ ਤੇ ਜਸਕਰਨ ਸਿੰਘ (62) ਪੁੱਤਰ ਕਾਕਾ ਸਿੰਘ ਵਜੋਂ ਹੋਈ ਹੈ। ਇਹ ਤਿੰਨੇ ਬਠਿੰਡਾ ਦੇ ਪਿੰਡ ਮਹਿਮਾ ਸਰਕਾਰੀ ਦੇ ਰਹਿਣ ਵਾਲੇ ਸਨ।

## ਸੂਡਾਨ ਦੀ ਸਥਿਤੀ ਬੇਹੱਦ ਅਸਥਿਰ : ਕਵਾਤੜਾ

**ਨਵੀਂ ਦਿੱਲੀ :** ਵਿਦੇਸ਼ ਸਕੱਤਰ ਵਿਨੈ ਕਵਾਤੜਾ ਨੇ ਵੀਰਵਾਰ ਕਿਹਾ ਕਿ ਸੂਡਾਨ ਵਿਚ ਸੁਰੱਖਿਆ ਨਾਲ ਸੰਬੰਧਤ ਸਥਿਤੀ ਬੇਹੱਦ ਅਸਥਿਰ ਤੇ ਗੰਭੀਰ ਹੈ ਅਤੇ ਭਾਰਤ ਦੀ ਕੋਸ਼ਿਸ਼ ਉਥੇ ਰਹਿ ਰਹੇ ਆਪਣੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਹੈ। ਉਥੋਂ ਕੱਢੇ 670 ਭਾਰਤੀ ਘਰ ਪਹੁੰਚ ਚੁੱਕੇ ਹਨ ਜਾਂ ਭਾਰਤ ਦੇ ਰਾਹ 'ਤੇ ਹਨ। 360 ਭਾਰਤੀ ਨਾਗਰਿਕ ਬੁੱਧਵਾਰ ਰਾਤ ਨੂੰ ਸਾਊਦੀ ਅਰਬ ਦੀ ਉਡਾਣ ਰਾਹੀਂ ਭਾਰਤ ਆਏ, ਜਦਕਿ 246 ਨਾਗਰਿਕ ਭਾਰਤੀ ਹਵਾਈ ਸੈਨਾ ਦੇ ਸੀ 17 ਜਹਾਜ਼ ਰਾਹੀਂ ਮਹਾਰਾਸ਼ਟਰ ਪਹੁੰਚ ਰਹੇ ਹਨ।

## ਭਾਰਤ ਦਾ ਪਾਕਿਸਤਾਨ ਨੂੰ ਕਰਾਰਾ ਜਵਾਬ

**ਸੰਯੁਕਤ ਰਾਸ਼ਟਰ :** ਸੰਯੁਕਤ ਰਾਸ਼ਟਰ 'ਚ ਪਾਕਿਸਤਾਨ ਦੇ ਰਾਜਦੂਤ ਵੱਲੋਂ ਕਸ਼ਮੀਰ ਮੁੱਦਾ ਉਠਾਉਣ ਤੋਂ ਬਾਅਦ ਭਾਰਤ ਨੇ ਕਰਾਰਾ ਜਵਾਬ ਦਿੰਦਿਆਂ ਕਿਹਾ ਕਿ ਕੋਈ ਵੀ ਬਿਆਨਬਾਜ਼ੀ ਜਾਂ ਪ੍ਰਚਾਰ ਇਸ ਤੱਥ ਨੂੰ ਨਹੀਂ ਬਦਲ ਸਕਦਾ ਕਿ ਜੰਮੂ-ਕਸ਼ਮੀਰ ਤੇ ਲੱਦਾਖ ਕੇਂਦਰ ਸ਼ਾਸਤ ਪ੍ਰਦੇਸ਼ ਹਨ ਅਤੇ ਭਾਰਤ ਦਾ ਅਨਿੱਖੜਵਾਂ ਅੰਗ ਹਨ ਤੇ ਰਹਿਣਗੇ। ਸੰਯੁਕਤ ਰਾਸ਼ਟਰ ਵਿਚ ਪਾਕਿਸਤਾਨ ਦੇ ਸਥਾਈ ਪ੍ਰਤੀਨਿਧੀ ਮੁਨੀਰ ਅਕਰਮ ਨੇ ਸੰਯੁਕਤ ਰਾਸ਼ਟਰ ਮਹਾਸਭਾ ਦੀ ਬੈਠਕ ਵਿਚ ਜੰਮੂ-ਕਸ਼ਮੀਰ ਦਾ ਮੁੱਦਾ ਉਠਾਇਆ, ਜਿਸ ਤੋਂ ਬਾਅਦ ਭਾਰਤ ਦੇ ਸਥਾਈ ਮਿਸ਼ਨ ਦੇ ਸਲਾਹਕਾਰ ਪ੍ਰਤੀਕ ਮਾਥੁਰ ਨੇ ਜਵਾਬ ਦਿੱਤਾ।

# ਮਹਾਨ ਮੁੱਕੇਬਾਜ਼ ਕੌਰ ਸਿੰਘ ਨਹੀਂ ਰਹੇ

**ਦਿੜ੍ਹਬਾ :** ਦੁਨੀਆ ਦੇ ਮਹਾਨ ਮੁੱਕੇਬਾਜ਼ ਮੁਹੰਮਦ ਅਲੀ ਨਾਲ ਪ੍ਰਦਰਸ਼ਨੀ ਮੈਚ ਖੇਡਣ ਵਾਲੇ ਏਸ਼ੀਆਈ ਮੁੱਕੇਬਾਜ਼ੀ ਚੈਂਪੀਅਨ ਕੌਰ ਸਿੰਘ (74) ਦਾ ਵੀਰਵਾਰ ਹਰਿਆਣਾ ਦੇ ਕੁਰੂਕਸ਼ੇਤਰ ਦੇ ਹਸਪਤਾਲ 'ਚ ਦੇਹਾਂਤ ਹੋ ਗਿਆ। ਸ਼ੂਗਰ ਤੋਂ ਪੀੜਤ ਹੋਣ ਕਾਰਨ ਪਹਿਲਾਂ ਉਨ੍ਹਾ ਦਾ ਇਲਾਜ ਪਟਿਆਲਾ ਵਿਖੇ ਚੱਲ ਰਿਹਾ ਸੀ। ਬੁੱਧਵਾਰ ਰਾਤ ਹਾਲਤ ਖਰਾਬ ਹੋਣ ਕਾਰਨ ਉਨ੍ਹਾ ਨੂੰ ਕੁਰੂਕਸ਼ੇਤਰ ਦੇ ਹਸਪਤਾਲ 'ਚ ਲਿਜਾਇਆ ਗਿਆ ਸੀ। ਉਹ ਆਪਣੇ ਪਿੱਛੇ ਦੋ ਪੁੱਤਰ ਅਤੇ ਇੱਕ ਧੀ ਛੱਡ ਗਏ ਹਨ।

ਕੁੱਝ ਦਿਨ ਪਹਿਲਾਂ ਪੰਜਾਬ ਸਰਕਾਰ ਨੇ ਸਕੂਲੀ ਕਿਤਾਬਾਂ 'ਚ ਉਨ੍ਹਾ ਦੀ ਜੀਵਨੀ ਛਾਪਣ ਦਾ ਐਲਾਨ ਕੀਤਾ ਸੀ। ਭਾਰਤੀ ਫੌਜ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਉਹ ਸੰਗਰੂਰ ਜ਼ਿਲ੍ਹੇ ਦੇ ਆਪਣੇ ਜੱਦੀ ਪਿੰਡ ਖਨਾਲ ਖੁਰਦ ਵਿਖੇ ਰਹਿ ਰਹੇ ਸਨ। ਉਨ੍ਹਾ ਨੇ 1982 ਦੀਆਂ ਏਸ਼ੀਅਨ ਖੇਡਾਂ ਸਮੇਤ ਕੌਮਾਂਤਰੀ ਮੁਕਾਬਲਿਆਂ 'ਚ ਛੇ ਸੋਨ ਤਮਗੇ ਜਿੱਤੇ। ਉਨ੍ਹਾਂ ਦੇ ਯਾਦਗਾਰੀ ਮੈਚਾਂ ਵਿੱਚ ਇੱਕ ਚਾਰ-ਗੇੜ ਦਾ ਪ੍ਰਦਰਸ਼ਨੀ ਮੈਚ ਸੀ, ਜੋ ਉਨ੍ਹਾ 27 ਜਨਵਰੀ 1980 ਨੂੰ ਦਿੱਲੀ 'ਚ ਮਹਾਨ ਮੁਹੰਮਦ ਅਲੀ ਨਾਲ ਖੇਡਿਆ ਸੀ। ਉਨ੍ਹਾ ਨੇ ਨਵੀਂ ਦਿੱਲੀ 'ਚ 1982 ਦੀਆਂ ਏਸ਼ੀਆਈ ਖੇਡਾਂ 'ਚ ਹੈਵੀਵੇਟ ਮੁੱਕੇਬਾਜ਼ੀ ਦਾ ਸੋਨ ਤਮਗਾ ਜਿੱਤਿਆ ਸੀ। ਕੌਰ ਸਿੰਘ ਨੂੰ 1982 'ਚ ਅਰਜੁਨ ਐਵਾਰਡ, 1983 'ਚ ਪਦਮਸ੍ਰੀ ਅਤੇ 1988 'ਚ ਵਿਸ਼ਿਸ਼ਟ ਸੇਵਾ ਮੈਡਲ ਨਾਲ ਸਨਮਾਨਤ ਕੀਤਾ ਗਿਆ।



ਮੁੱਖ ਮੰਤਰੀ ਭਗਵੰਤ ਮਾਨ ਨੇ ਸਾਬਕਾ ਉਲੰਪੀਅਨ ਕੌਰ ਸਿੰਘ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕੌਰ ਸਿੰਘ ਨੇ ਕੌਮੀ ਤੇ ਕੌਮਾਂਤਰੀ ਪਿੜ 'ਚ ਨਾਮਣਾ ਖੱਟ ਕੇ ਭਾਰਤ ਦਾ ਨਾਂਅ ਰੌਸ਼ਨ ਕੀਤਾ। ਕੌਰ ਸਿੰਘ ਦਾ ਜੀਵਨ ਅਤੇ ਯੋਗਦਾਨ ਉਭਰਦੇ ਖਿਡਾਰੀਆਂ ਨੂੰ ਸਖਤ ਮਿਹਨਤ ਕਰਨ ਅਤੇ ਵਧੀਆ ਪ੍ਰਦਰਸ਼ਨ ਦਿਖਾਉਣ ਲਈ ਪ੍ਰੇਰਿਤ ਕਰੇਗਾ।

## ਪਾਕਿਸਤਾਨੀ ਡਰੋਨ ਫੁੰਡਿਆ



**ਅਟਾਰੀ :** ਭਾਰਤ-ਪਾਕਿਸਤਾਨ ਸਰਹੱਦ 'ਤੇ ਬੀ ਐੱਸ ਐੱਫ ਦੇ ਜਵਾਨਾਂ ਨੇ ਵੀਰਵਾਰ ਅੰਮ੍ਰਿਤਸਰ ਸੈਕਟਰ ਦੀ ਸਰਹੱਦੀ ਚੌਕੀ ਪੁਲ ਮੋਰਾਂ ਨੇੜੇ ਪਾਕਿਸਤਾਨੀ ਡਰੋਨ ਨੂੰ ਗੋਲੀਆਂ ਮਾਰ ਕੇ ਡੇਗਿਆ ਤੇ ਦੋ ਕਿਲੋ ਹੈਰੋਇਨ ਬਰਾਮਦ ਕੀਤੀ। ਦੁਪਹਿਰੇ ਜਵਾਨਾਂ ਨੇ ਡਰੋਨ ਨੂੰ ਆਉਂਦੇ ਵੇਖਿਆ ਅਤੇ ਉਸ 'ਤੇ ਤੁਰੰਤ 8 ਗੋਲੀਆਂ ਚਲਾਈਆਂ, ਜਿਸ ਨਾਲ ਡਰੋਨ ਕਈ ਟੁਕੜਿਆਂ 'ਚ ਵੰਡਿਆ ਗਿਆ ਤੇ ਪੁਲ ਮੋਰਾਂ ਨੇੜਲੇ ਖੇਤਾਂ 'ਚ ਡਿੱਗਿਆ। ਖੇਤਰ ਦੀ ਤਲਾਸ਼ੀ ਦੌਰਾਨ ਇਕ ਵੱਡਾ ਪੈਕਟ ਮਿਲਿਆ, ਜਿਸ 'ਚ ਦੋ ਕਿਲੋ ਹੈਰੋਇਨ ਤੇ 170 ਗ੍ਰਾਮ ਅਫੀਮ ਸੀ।

## ਕਾਂਗਰਸ ਦੀ ਵਾਰੰਟੀ ਪੁੱਗ ਚੁੱਕੀ : ਮੋਦੀ

### ਕਰਨਾਟਕ ਚੋਣਾਂ 'ਚ ਪਤਾ ਲੱਗ'ਜੂ : ਕਾਂਗਰਸ

**ਬੇਂਗਲੁਰੂ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਕਰਨਾਟਕ ਵਿਧਾਨ ਸਭਾ ਚੋਣਾਂ 'ਚ ਮੁਫਤ ਬਿਜਲੀ ਅਤੇ ਹੋਰ ਗਾਰੰਟੀ ਵਾਲੇ ਐਲਾਨ ਲਈ ਕਾਂਗਰਸ 'ਤੇ ਟਾਂਚ ਕਰਦਿਆਂ ਇਸ ਨੂੰ 'ਰਿਓੜੀ ਕਲਚਰ' ਨਾਲ ਜੋੜਦਿਆਂ ਕਿਹਾ ਕਿ ਜਿਸ ਪਾਰਟੀ ਦੀ ਵਾਰੰਟੀ (ਮਿਆਦ) ਪੁੱਗ ਚੁੱਕੀ ਹੈ, ਉਸ ਵੱਲੋਂ ਦਿੱਤੀ ਗਰੰਟੀ ਦੀ ਕੀ ਤੁੱਕ ਰਹਿ ਜਾਂਦੀ ਹੈ। ਪ੍ਰਧਾਨ ਮੰਤਰੀ ਇੱਥੇ ਡਿਜੀਟਲ ਮਾਧਿਅਮ ਰਾਹੀਂ ਭਾਜਪਾ ਦੇ ਵਰਕਰਾਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾ ਕੁਝ ਵਰਕਰਾਂ ਨਾਲ ਗੱਲਬਾਤ ਵੀ ਕੀਤੀ ਅਤੇ ਉਨ੍ਹਾਂ ਨੂੰ ਕਰਨਾਟਕ ਵਿਧਾਨ ਸਭਾ ਚੋਣਾਂ ਲਈ ਬੂਥ ਪੱਧਰ 'ਤੇ ਪਾਰਟੀ ਦੀ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ। ਕਾਂਗਰਸ ਨੇ ਮੋਦੀ ਦੇ ਹਮਲੇ ਦਾ ਜਵਾਬ ਦਿੰਦਿਆਂ ਕਿਹਾ ਕਿ ਕਰਨਾਟਕ ਦੇ ਲੋਕ 10 ਮਈ ਨੂੰ 40 ਫੀਸਦ ਕਮਿਸ਼ਨ ਵਾਲੀ ਸਰਕਾਰ ਦੇ ਅੰਤ ਦੀ ਗਰੰਟੀ ਦੇਣਗੇ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਕਰਨਾਟਕ 'ਚ ਕਾਂਗਰਸ ਦੀ ਸਰਕਾਰ ਬਣਨ ਨਾਲ ਹਿਮਾਚਲ, ਰਾਜਸਥਾਨ ਅਤੇ ਛੱਤੀਸਗੜ੍ਹ ਵਾਂਗ ਪਾਰਟੀ ਦੀ ਚੋਣ 'ਗਰੰਟੀ' ਨੂੰ ਲਾਗੂ ਕਰਨਾ ਸ਼ੁਰੂ ਹੋ ਜਾਵੇਗਾ।

## ਮੋਦੀ ਜ਼ਹਿਰੀਲੇ ਸੱਪ ਵਰਗੇ : ਖੜਗੇ

**ਬੇਂਗਲੁਰੂ :** ਕਰਨਾਟਕ ਦੇ ਕਲਬੁਰਗੀ ਵਿਚ ਇਕ ਚੋਣ ਰੈਲੀ 'ਚ ਕਾਂਗਰਸ ਪ੍ਰਧਾਨ ਮਲਿਕਾਰੁਜਨ ਖੜਗੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜ਼ਹਿਰੀਲੇ ਸੱਪ ਵਰਗੇ ਹਨ। ਤੁਸੀਂ ਸੋਚ ਸਕਦੇ ਹੋ ਕਿ ਇਹ ਜ਼ਹਿਰੀ ਹੈ ਕਿ ਨਹੀਂ, ਪਰ ਜੇ ਤੁਸੀਂ ਉਸ ਨੂੰ ਚਖੋਗੇ ਤਾਂ ਤੁਹਾਡੀ ਮੌਤ ਹੋ ਜਾਵੇਗੀ। ਇਸ ਤੋਂ ਬਾਅਦ ਖੜਗੇ ਨੇ ਰੈਲੀ 'ਚ ਕਿਹਾ ਕਿ ਭਾਜਪਾ ਸਰਕਾਰ ਸੂਬੇ ਨੂੰ ਲੁੱਟ ਰਹੀ ਹੈ। ਹਰ ਕੰਮ ਲਈ 40 ਫੀਸਦੀ ਕਮਿਸ਼ਨ ਵਸੂਲਿਆ ਜਾਂਦਾ ਹੈ। ਭਾਜਪਾ ਸਰਕਾਰ ਉਨ੍ਹਾਂ ਲੋਕਾਂ ਨੂੰ ਦੇਸ਼ ਤੋਂ ਭਜਾਉਣ ਵਿਚ ਮਦਦ ਕਰਦੀ ਹੈ, ਜਿਨ੍ਹਾਂ 'ਤੇ ਘੁਟਾਲਿਆਂ ਦਾ ਦੋਸ਼ ਲਗਦਾ ਹੈ। ਪ੍ਰਧਾਨ ਮੰਤਰੀ ਖੁਦ ਭ੍ਰਿਸ਼ਟ ਲੋਕਾਂ ਨੂੰ ਬਚਾਉਣ ਵਿਚ ਲੱਗੇ ਹੋਏ ਹਨ। ਬਿਆਨ 'ਤੇ ਵਿਵਾਦ ਹੋਣ 'ਤੇ ਖੜਗੇ ਨੇ ਸਫਾਈ ਦਿੱਤੀ—ਮੈਂ ਇਹ ਮੋਦੀ ਬਾਰੇ ਨਹੀਂ ਕਿਹਾ। ਮੈਂ ਕਹਿਣਾ ਚਾਹ ਰਿਹਾ ਸੀ ਕਿ ਉਨ੍ਹਾ ਦੀ ਵਿਚਾਰਧਾਰਾ ਸੱਪ ਵਰਗੀ ਹੈ, ਜਿਸ ਨੂੰ ਚੱਟਣ ਦੀ ਕੋਸ਼ਿਸ਼ ਕਰੋਗੇ ਤਾਂ ਮੌਤ ਹੋਣੀ ਤੈਅ ਹੈ।

## ਟਰੰਪ 'ਤੇ ਬਲਾਤਕਾਰ ਦਾ ਦੋਸ਼

**ਨਿਊ ਯਾਰਕ :** ਅਮਰੀਕੀ ਪੱਤਰਕਾਰ, ਲੇਖਿਕਾ ਅਤੇ ਕਾਲਮਨਵੀਸ ਜੀਨ ਕੈਰੋਲ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਖਿਲਾਫ ਅਦਾਲਤ 'ਚ ਸੁਣਵਾਈ ਦੌਰਾਨ ਦੋਸ਼ ਲਾਇਆ ਕਿ ਟਰੰਪ ਨੇ ਲਗਜ਼ਰੀ ਡਿਪਾਰਟਮੈਂਟ ਸਟੋਰ 'ਚ ਉਸ ਨਾਲ ਬਲਾਤਕਾਰ ਕੀਤਾ। ਕੈਰੋਲ ਨੇ ਜੱਜਾਂ ਨੂੰ ਕਿਹਾ-ਮੈਂ ਇੱਥੇ ਹਾਂ, ਕਿਉਂਕਿ ਡੋਨਾਲਡ ਟਰੰਪ ਨੇ ਮੇਰੇ ਨਾਲ ਬਲਾਤਕਾਰ ਕੀਤਾ ਅਤੇ ਜਦੋਂ ਮੈਂ ਇਸ ਬਾਰੇ ਲਿਖਿਆ ਤਾਂ ਉਸ ਨੇ ਇਸ ਤੋਂ ਇਨਕਾਰ ਕੀਤਾ।



ਜਦੋਂ ਕੈਰੋਲ 1996 'ਚ ਆਪਣੇ ਕਥਿਤ ਬਲਾਤਕਾਰ ਬਾਰੇ ਅਦਾਲਤ 'ਚ ਗਵਾਹੀ ਦੇ ਰਹੀ ਸੀ ਤਾਂ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਇਸ ਕੇਸ ਨੂੰ 'ਫਰਜ਼ੀ ਅਤੇ ਝੂਠੀ ਕਹਾਣੀ' ਕਰਾਰ ਦਿੱਤਾ। ਕੈਰੋਲ ਨੇ ਅਦਾਲਤ ਨੂੰ ਦੱਸਿਆ ਕਿ ਉਹ 1996 ਵਿਚ ਸ਼ਾਮ ਨੂੰ ਬਰਗਡੋਰਫ ਗੁਡਮੈਨ ਵਿਖੇ ਟਰੰਪ ਨੂੰ ਮਿਲੀ, ਜਿੱਥੇ ਟਰੰਪ ਨੇ ਉਸ ਤੋਂ ਔਰਤਾਂ ਦੇ ਅੰਦਰੂਨੀ ਵਸਤਰ ਖਰੀਦਣ ਵਿਚ ਮਦਦ ਮੰਗੀ ਅਤੇ ਕੱਪੜੇ ਬਦਲਣ ਵਾਲੇ ਕਮਰੇ ਵਿਚ ਉਸ ਨਾਲ ਬਲਾਤਕਾਰ ਕੀਤਾ। ਉਸ ਨੇ ਕਿਹਾ ਕਿ ਕਈ ਦਹਾਕਿਆਂ ਤੱਕ ਉਸ ਨੇ ਆਪਣੇ ਦੋ ਦੋਸਤਾਂ ਨੂੰ ਛੱਡ ਕੇ ਕਿਸੇ ਨੂੰ ਨਹੀਂ ਦੱਸਿਆ, ਕਿਉਂਕਿ ਉਸ ਨੂੰ ਡਰ ਸੀ ਕਿ ਟਰੰਪ ਉਸ ਤੋਂ ਬਦਲਾ ਲਵੇਗਾ ਅਤੇ ਉਸ ਨੂੰ ਉਦੋਂ ਲੱਗਿਆ ਜੋ ਹੋਇਆ ਉਹ ਉਸ ਦੀ ਗਲਤੀ ਸੀ।

## ਵਿਸ਼ੇਸ਼ ਸਪਲੀਮੈਂਟ

ਸ਼ਹਿਰ **ਜ਼ੀਰਾ** ਤੋਂ ਮਈ ਦਿਵਸ 'ਤੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਨਰਿੰਦਰ ਕੁਮਾਰ** ਨਾਲ ਮੋਬਾਇਲ **98725-09949** 'ਤੇ ਸੰਪਰਕ ਕਰੋ।





**ਧੂਰੀ** ਤੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਸੁਖਦੇਵ ਧੂਰੀ** ਨਾਲ ਮੋਬਾਇਲ **95920-85886** 'ਤੇ ਸੰਪਰਕ ਕਰੋ।

-ਜਨਰਲ ਮੈਨੇਜਰ

## ਗੁਟਕਾ ਸਾਹਿਬ ਦੀ ਬੇਅਦਬੀ ਦੇ ਦੋਸ਼ 'ਚ ਗ੍ਰਿਫਤਾਰ

**ਗੁਰਦਾਸਪੁਰ :** ਥਾਣਾ ਕਲਾਨੌਰ ਅਧੀਨ ਸਰਹੱਦੀ ਪਿੰਡ ਸ਼ਹੂਰ 'ਚ ਗੁਟਕਾ ਸਾਹਿਬ ਦੀ ਬੇਅਦਬੀ ਮਗਰੋਂ ਨੌਜਵਾਨ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ। ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ ਗੁਰਪ੍ਰੀਤ ਸਿੰਘ ਵਾਸੀ ਸ਼ਹੂਰ ਕਲਾਂ ਨੇ ਦੱਸਿਆ ਕਿ ਉਸ ਨੂੰ ਕਿਸੇ ਨੇ ਦੱਸਿਆ ਕਿ ਪਿੰਡ ਵਾਸੀ ਸੁੱਚਾ ਸਿੰਘ ਨੇ ਆਪਣੇ ਘਰ ਨੇੜੇ ਛੱਪੜ 'ਚ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਅਤੇ ਉਸ ਉੱਪਰ ਗੁਟਕਾ ਸਾਹਿਬ ਸੁੱਟ ਕੇ ਬੇਅਦਬੀ ਕੀਤੀ ਹੈ। ਛੱਪੜ 'ਤੇ ਬੂਟੀ ਹੋਣ ਕਰਕੇ ਗੁਟਕਾ ਸਾਹਿਬ ਛੱਪੜ ਵਿਚ ਡੁੱਬਿਆ ਨਹੀਂ। ਸੂਚਨਾ ਮਿਲਣ 'ਤੇ ਏ ਐੱਸ ਆਈ ਸਬ ਸਿਤਨਾਮ ਸਿੰਘ ਪੁਲਸ ਮੁਲਾਜ਼ਮਾਂ ਸਣੇ ਮੌਕੇ 'ਤੇ ਪਹੁੰਚੇ ਅਤੇ ਮੁਲਜ਼ਮ ਨੂੰ ਕਾਬੂ ਕਰ ਲਿਆ। ਥਾਣਾ ਕਲਾਨੌਰ ਵਿਖੇ ਰੋਸ ਵਜੋਂ ਪਹੁੰਚੀਆਂ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਗੁਟਕਾ ਸਾਹਿਬ ਦੀ ਬੇਅਦਬੀ ਨਾਲ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ ਹਨ। ਦਿਨ-ਬ-ਦਿਨ ਹੋ ਰਹੀਆਂ ਬੇਅਦਬੀਆਂ ਵੱਡੀ ਚਿੰਤਾ ਦਾ ਵਿਸ਼ਾ ਹਨ ।

## ਜਸਬੀਰ ਦਾ ਰਿਮਾਂਡ ਵਧਿਆ

**ਰੋਪੜ, (ਬਿੰਦਰਾ)** ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡਾ ਵਿਚ ਪਾਠ ਕਰ ਰਹੇ ਪਾਠੀਆਂ 'ਤੇ ਹਮਲਾ ਕਰਨ ਵਾਲੇ ਜਸਬੀਰ ਸਿੰਘ ਨੂੰ ਵੀਰਵਾਰ ਹੋਰ ਦੋ ਦਿਨਾਂ ਲਈ ਪੁਲਸ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਜਸਬੀਰ ਸਿੰਘ ਨੂੰ ਉਸ ਵੇਲੇ ਗੁਰਦੁਆਰਾ ਸਾਹਿਬ ਵਿਚ ਹਾਜ਼ਰ ਸੰਗਤ ਨੇ ਕਾਬੂ ਕਰ ਕੇ ਪੁਲਸ ਹਵਾਲੇ ਕਰ ਦਿੱਤਾ ਸੀ, ਜਦ ਉਸ ਨੇ ਅਖੰਡ ਪਾਠ ਕਰ ਰਹੇ ਪਾਠੀ ਸਿੰਘਾਂ ਨੂੰ ਥੱਪੜ ਮਾਰੇ। ਉਸ ਨੂੰ ਪਹਿਲਾਂ ਵੀ ਦੋ ਦਿਨਾ ਪੁਲਸ ਰਿਮਾਂਡ 'ਤੇ ਭੇਜਿਆ ਗਿਆ ਸੀ।


## 'ਮਾਰਕਸਵਾਦ ਅਤੇ ਅਜੋਕੇ ਸਰੋਕਾਰ' ਵਿਚਾਰ-ਚਰਚਾ 5 ਮਈ ਨੂੰ

**ਜਲੰਧਰ :** ਵਿਸ਼ਵ ਭਰ ਦੀ ਮਜ਼ਦੂਰ ਜਮਾਤ ਦੇ ਮਹਾਨ ਇਨਕਲਾਬੀ ਦਾਰਸ਼ਨਿਕ ਕਾਰਲ ਮਾਰਕਸ ਦੇ 205ਵੇਂ ਜਨਮ ਦਿਹਾੜੇ (5 ਮਈ 1818-2023) ਮੌਕੇ 5 ਮਈ ਠੀਕ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਗੰਭੀਰ ਵਿਚਾਰ-ਚਰਚਾ ਹੋਏਗੀ। ਇਸ ਸਮਾਗਮ 'ਚ 'ਮਾਰਕਸਵਾਦ ਅਤੇ ਅਜੋਕੇ ਸਰੋਕਾਰ' ਵਿਸ਼ੇ ਉਪਰ ਮੁੱਖ ਵਕਤਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਦਰਸ਼ਨ ਖਟਕੜ ਹੋਣਗੇ।

ਦੇਸ਼ ਭਗਤ ਯਾਦਗਾਰ ਹਾਲ 'ਚ ਹਾਜ਼ਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ ਅਤੇ ਸੁਰਿੰਦਰ ਕੁਮਾਰੀ ਕੋਛੜ ਨੇ ਇਸ ਸਮਾਗਮ ਸੰਬੰਧੀ ਵਿਚਾਰ-ਚਰਚਾ ਕਰਦਿਆਂ ਤਿਆਰੀਆਂ ਨੂੰ ਵੀਰਵਾਰ ਅੰਤਮ ਛੋਹਾਂ ਦਿੱਤੀਆਂ।

## ਬਦਰੀਨਾਥ ਧਾਮ ਦੇ ਕਿਵਾੜ ਵੀ ਖੁੱਲ੍ਹੇ

**ਬਦਰੀਨਾਥ :** ਹਲਕੀ ਬਰਫਬਾਰੀ ਅਤੇ ਮੀਂਹ ਦੇ ਦੌਰਾਨ ਗੜ੍ਹਵਾਲ ਹਿਮਾਲਿਆ ਦੇ ਵਿਸ਼ਵ ਪ੍ਰਸਿੱਧ ਬਦਰੀਨਾਥ ਧਾਮ ਦੇ ਕਿਵਾੜ ਵੀਰਵਾਰ ਸ਼ਰਧਾਲੂਆਂ ਲਈ ਖੋਲ੍ਹ ਦਿੱਤੇ ਗਏ। ਇਸ ਮੌਕੇ ਹਜ਼ਾਰਾਂ ਸ਼ਰਧਾਲੂ ਹਾਜ਼ਰ ਸਨ। ਇਸ ਦੇ ਨਾਲ ਹੀ ਉਤਰਾਖੰਡ ਦੀ ਮਸ਼ਹੂਰ ਚਾਰਧਾਮ ਯਾਤਰਾ ਪੂਰੇ ਜ਼ੋਰਾਂ 'ਤੇ ਸ਼ੁਰੂ ਹੋ ਗਈ। ਹੋਰ ਤਿੰਨ ਧਾਰਮਿਕ ਅਸਥਾਨਾਂ ਕੇਦਾਰਨਾਥ, ਗੰਗੋਤਰੀ ਅਤੇ ਯਮੁਨੋਤਰੀ ਦੇ ਕਿਵਾੜ ਪਹਿਲਾਂ ਹੀ ਖੋਲ੍ਹੇ ਜਾ ਚੁੱਕੇ ਹਨ।



## ਅੱਜ-ਨਾਮਾ

ਦਿੱਲੀ ਮੇਅਰ ਦੀ ਚੋਣ ਜਦ ਹੋਈ ਮੁੜ ਕੇ,
ਛੱਡ ਗਈ ਭਾਜਪਾ ਕਹਿੰਦੇ ਨੇ ਰਾਹ ਬੇਲੀ।
ਪਿਛਲੀ ਚੋਣ ਵਿੱਚ ਜਿੰਦਾਂ ਦੀ ਪਈ ਭਾਜੜ,
ਰਲਦਾ ਹਾਲੇ ਨਹੀਂ ਸਾਹ ਵਿੱਚ ਸਾਹ ਬੇਲੀ।
ਕੌਂਸਲਰ ਵਧੇ ਨਾ ਘਟੇ ਸਨ ਦੋਂਹ ਤਰਫੀਂ,
ਅਜੇ ਵੀ ਹੋਣਾ ਵਿਰੋਧੀ ਨਹੀਂ ਢਾਹ ਬੇਲੀ।
ਕਾਹਦਾ ਕਰਨਾ ਵਿਰੋਧ ਫਿਰ ਚੋਣ ਲੜ ਕੇ,
ਦਿੱਸ ਰਿਹਾ ਸਾਫ ਕਿ ਨਹੀਂ ਹੈ ਵਾਹ ਬੇਲੀ।
ਵਾਧੂ ਭਿੜਨ ਲਈ ਐਵੇਂ ਕਿਉਂ ਭਿੜੀ ਜਾਣਾ,
ਐਵੇਂ ਈ ਜ਼ੋਰ ਨਹੀਂ ਲਾਉਣ ਦੀ ਲੋੜ ਬੇਲੀ।
ਲਾਇਆ ਤਾਣ ਜਾਊਗਾ ਸਾਰਾ ਸਾਲ ਅਗਲੇ,
ਦਿੱਸ ਪਊ ਤਾਕਤ ਦਾ ਅਸਲ ਨਿਚੋੜ ਬੇਲੀ।

-ਤੀਸ ਮਾਰ ਖਾਂ

# ਟਰੇਡ ਯੂਨੀਅਨ ਆਗੂ ਸਾਥੀ ਮਨੋਹਰ ਲਾਲ ਸ਼ਰਮਾ ਦਾ ਅੰਤਮ ਸੰਸਕਾਰ

**ਪਟਿਆਲਾ :** ਟਰੇਡ ਯੂਨੀਅਨ ਆਗੂ ਸਾਥੀ ਮਨੋਹਰ ਲਾਲ ਸ਼ਰਮਾ ਦਾ ਬੀਤੇ ਕੱਲ੍ਹ ਦੇਹਾਂਤ ਹੋ ਗਿਆ। ਸਾਥੀ ਆਪਣੇ ਘਰ ਦੀਆਂ ਪੌੜੀਆਂ 'ਚ ਅਚਾਨਕ ਚੱਕਰ ਆਉਣ ਕਾਰਨ ਡਿੱਗ ਪਏ। ਉਨ੍ਹਾ ਦੇ ਸਿਰ 'ਚ ਸੱਟ ਲੱਗਣ ਨਾਲ ਖੂਨ ਅੰਦਰ ਪੈ ਗਿਆ। ਜਦੋਂ ਉਨ੍ਹਾ ਨੂੰ ਹਸਪਤਾਲ ਲਿਆਂਦਾ ਗਿਆ ਤਾਂ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਕਾਮਰੇਡ ਮਨੋਹਰ ਲਾਲ ਸ਼ਰਮਾ 82 ਸਾਲ ਦੇ ਸਨ ਅਤੇ ਉਹ ਪੋਸਟ ਟੈਲੀਗ੍ਰਾਫ਼ ਦੀ ਮੂਵਮੈਂਟ ਵਿੱਚ 50 ਸਾਲ ਸਿਰਕੱਢ ਆਗੂ ਰਹੇ। ਸਾਥੀ ਸ਼ਰਮਾ ਦੀ ਸਾਰੀ ਜ਼ਿੰਦਗੀ ਕੇਂਦਰੀ ਮੁਲਾਜ਼ਮਾਂ ਅਤੇ ਕਮਿਊਨਿਸਟ ਲਹਿਰ ਨੂੰ ਸਮਰਪਤ ਰਹੀ। ਉਹ ਇਨ੍ਹਾਂ 50 ਸਾਲਾਂ ਵਿੱਚ 45 ਸਾਲ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਟੈਲੀਕਾਮ (ਪੀ ਐਂਡ ਟੀ) ਕਾਮਿਆਂ ਦੇ ਸਰਕਲ ਸਕੱਤਰ ਰਹੇ। ਜਦੋਂ ਉਹ 1974 ਵਿੱਚ ਸਰਕਲ ਸਕੱਤਰ ਚੁਣੇ ਗਏ ਤਾਂ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਐੱਨ ਐੱਫ ਟੀ ਈ ਦੀ ਬ੍ਰਾਂਚਾਂ ਬਹੁਤ ਘੱਟ ਪਾਈਆਂ ਜਾਂਦੀਆਂ ਸਨ। ਉਨ੍ਹਾ ਹਿਮਾਚਲ ਅਤੇ ਹਰਿਆਣਾ ਦੇ ਦੂਰ-ਦਰਾਡੇ ਇਲਾਕਿਆਂ ਵਿੱਚ ਐੱਨ ਐੱਫ ਟੀ ਈ ਦੀਆਂ ਬ੍ਰਾਂਚਾਂ ਬਣਾਈਆਂ। ਉਨ੍ਹਾ ਦੇ ਸਮਿਆਂ ਦੌਰਾਨ ਫਤਿਆਬਾਦ ਦੀ ਤਿੰਨ ਦਿਨ ਦੀ ਮੁਕੰਮਲ ਹੜਤਾਲ ਰਹੀ। ਇਸ ਦੌਰਾਨ ਪੁਲਸ ਧੱਕੇ ਨਾਲ ਤਿੰਨ ਸਾਥੀਆਂ ਨੂੰ ਐਕਸਚੇਂਜ ਵਿੱਚੋਂ ਚੁੱਕ ਕੇ ਲੈ ਗਈ ਸੀ। ਉਹ ਹੜਤਾਲ ਕਾਮਿਆਂ ਦੇ ਹੱਕ ਵਿਚ ਸਫ਼ਲਤਾ ਨਾਲ ਸਮਾਪਤ ਹੋਈ। ਬੀ ਐੱਸ ਐੱਨ ਐਲ ਬਣਨ 'ਤੇ ਉਨ੍ਹਾ ਪੰਜਾਬ ਸਰਕਲ ਦੀ ਹੜਤਾਲ ਸਤ ਪ੍ਰਤੀਸ਼ਤ ਕਰਵਾਈ। ਉਹ ਐੱਨ ਐੱਫ ਟੀ ਈ ਦੇ ਮਹਾਨ ਲੀਡਰ ਕਾਮਰੇਡ ਓ ਪੀ ਗੁਪਤਾ ਦੇ ਪੈਰੋਕਾਰ ਸਨ, ਪਰ ਉਨ੍ਹਾ ਦੇ ਨਿੱਜੀਕਰਨ ਅਤੇ ਨਿਗਮੀਕਰਨ ਦੇ ਫੈਸਲੇ ਦੇ ਵਿਰੋਧੀ ਸਨ। ਉਨ੍ਹਾ ਦੇ ਹੀ ਤਿੱਖੇ ਵਿਰੋਧ ਕਾਰਨ ਕਾਮਰੇਡ ਗੁਪਤਾ ਨੇ ਸਰਕਾਰ ਕੋਲੋਂ ਬੀ ਐੱਸ ਐੱਨ ਐੱਲ ਲਈ ਸਰਕਾਰੀ ਪੈਨਸ਼ਨ ਦੀ ਗਰੰਟੀ ਲੈ ਕੇ ਕਾਨੂੰਨ ਬਣਾਇਆ। ਉਹ ਸੀ ਪੀ ਆਈ ਸਟੇਟ ਕੌਂਸਲ ਅਤੇ ਕਾਰਜਕਾਰਨੀ ਦੇ ਮੈਂਬਰ ਵੀ ਰਹੇ।



ਉਨ੍ਹਾ ਦੇ ਅੰਤਮ ਸੰਸਕਾਰ 'ਤੇ ਪਹੁੰਚੇ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਬਰਾੜ, ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ, ਕਿਸਾਨ ਆਗੂ ਭੁਪਿੰਦਰ ਸਾਂਬਰ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਗੁਰਨਾਮ ਕੰਵਰ, ਬੈਂਕ ਆਗੂ ਐੱਸ ਕੇ ਗੌਤਮ, ਸੁਤੰਤਰ ਕੁਮਾਰ, ਸ੍ਰੀ ਬਾਜਵਾ ਸਰਕਲ ਸੈਕਟਰੀ ਆਲ ਇੰਡੀਆ ਬੀ ਐੱਸ ਐੱਨ ਐੱਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ, ਰਮੇਸ਼ ਰਤਨ ਡੀ ਈ ਪੀ ਕੈਸ਼ੀਅਰ, ਕਰਮ ਚੰਦ ਭਾਰਦਵਾਜ ਤੇ ਨਿਰਮਲ ਪ੍ਰਸਾਦ ਨੇ ਉਨ੍ਹਾ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾ ਦੇ ਦੋਹਤੇ ਨੇ ਚਿਖਾ ਨੂੰ ਅਗਨੀ ਭੇਟ ਕੀਤੀ। ਸੈਂਕੜੇ ਟੈਲੀਕਾਮ ਪੈਨਸ਼ਨਰਾਂ ਨੇ ਪਰਵਾਰ ਨੂੰ ਦਿਲਾਸਾ ਦਿੱਤਾ। ਉਨ੍ਹਾ ਨਮਿਤ ਰਸਮ ਕਿਰਿਆ 29 ਅਪ੍ਰੈਲ (ਸ਼ਨੀਵਾਰ) ਨੂੰ ਪਟਿਆਲਾ ਵਿਖੇ ਕੀਤੀ ਜਾਵੇਗੀ। ਇਸ ਮੌਕੇ ਕਾਮਰੇਡ ਸਿੰਗੀ, ਬਲਦੇਵ ਸਿੰਘ, ਪ੍ਰੀਤਮ ਹੁੰਦਲ, ਬਲਵੀਰ ਸਿੰਘ, ਗੁਰਮੀਤ ਸਿੰਘ ਤੇ ਨਰਿੰਦਰ ਕਾਲੀਆ ਆਦਿ ਨੇ ਵੀ ਸ਼ਰਧਾਂਜਲੀ ਭੇਟ ਕੀਤੀ।

## ਐੱਸ ਡੀ ਐੱਮ ਦੀ ਸ਼ਿਕਾਇਤ 'ਤੇ ਖਹਿਰਾ ਖਿਲਾਫ ਕੇਸ ਦਰਜ

**ਕਪੂਰਥਲਾ, (ਬਲਵਿੰਦਰ ਸਿੰਘ ਧਾਲੀਵਾਲ)**-ਜ਼ਿਲ੍ਹਾ ਕਪੂਰਥਲਾ ਦੇ ਥਾਣਾ ਭੁਲੱਥ ਦੀ ਪੁਲਿਸ ਨੇ ਐੱਸ ਡੀ ਐੱਮ ਭੁਲੱਥ ਸੰਜੀਵ ਸ਼ਰਮਾ ਦੀ ਸ਼ਿਕਾਇਤ 'ਤੇ ਹਲਕਾ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਖਿਲਾਫ ਵੱਖ-ਵੱਖ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਬੀਤੀ 29 ਮਾਰਚ ਨੂੰ ਮੁੱਖ ਮੰਤਰੀ ਅਤੇ ਮੁੱਖ ਸਕੱਤਰ ਨੂੰ ਕੀਤੀ ਗਈ ਸ਼ਿਕਾਇਤ ਵਿੱਚ ਐੱਸ ਡੀ ਐਮ ਭੁਲੱਥ ਨੇ ਦੱਸਿਆ ਕਿ ਵਿਧਾਇਕ ਖਹਿਰਾ ਵੱਲੋਂ ਉਸ ਨੂੰ ਮਾਨਸਕ ਤੌਰ 'ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਉਨ੍ਹਾ ਦੇ ਦਫਤਰੀ ਕੰਮ ਵਿੱਚ ਦਖਲਅੰਦਾਜ਼ੀ ਕਰ ਕੇ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਧਾਇਕ ਵੱਲੋਂ ਉਸ ਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ। 29 ਮਾਰਚ ਨੂੰ ਖਹਿਰਾ ਨੇ ਆਪਣੇ ਸਮਰਥਕਾਂ ਨਾਲ ਐੱਸ ਡੀ ਐੱਮ ਦਫਤਰ ਦਾ ਘਿਰਾਓ ਕੀਤਾ ਅਤੇ ਫੇਸਬੁਕ ਤੇ ਲਾਇਵ ਹੋ ਕੇ ਉਸ ਨੂੰ ਬੇਇੱਜ਼ਤ ਕਰਨ ਲਈ ਬੇਲੋੜੇ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ। ਇਸ ਤੋਂ ਇਲਾਵਾ ਦਫਤਰ ਵਿੱਚ ਧੱਕੇਸ਼ਾਹੀ ਦਾ ਮਾਹੌਲ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਐੱਸ ਡੀ ਐੱਮ ਭੁਲੱਥ ਵੱਲੋਂ ਦਿੱਤੀ ਗਈ ਸ਼ਿਕਾਇਤ ਤੋਂ ਬਾਅਦ ਥਾਣਾ ਭੁਲੱਥ ਦੀ ਪੁਲਸ ਨੇ ਖਹਿਰਾ ਖਿਲਾਫ ਮੁਕੱਦਮਾ ਨੰਬਰ 25 ਧਾਰਾ 186,189, 342, 500, 506 ਤਹਿਤ ਮਾਮਲਾ ਦਰਜ ਕੀਤਾ ਹੈ।

28-April-PAGE-4.qxd 4/27/2023 10:33 PM Page 1



# ਮਹਾਂਗੱਠਜੋੜ ਦੇ ਵਧਦੇ ਕਦਮ

*ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਵਿਰੁੱਧ ਮਹਾਂਗੱਠਜੋੜ ਬਣਾਉਣ ਦੀ ਕਵਾਇਦ ਨੂੰ ਲਗਾਤਾਰ ਤਾਕਤ ਮਿਲ ਰਹੀ ਹੈ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਦਿੱਲੀ ਵਿੱਚ ਕਾਂਗਰਸ ਪਾਰਟੀ ਦੇ ਆਗੂਆਂ ਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਨੇ ਇਸ ਦਾ ਮੁੱਢ ਬੰਨ੍ਹ ਦਿੱਤਾ ਸੀ।*

*ਬੀਤੇ ਸੋਮਵਾਰ ਨੂੰ ਨਿਤੀਸ਼ ਕੁਮਾਰ ਨੇ ਬੰਗਾਲ ਦੀ ਮੁੱਖ ਮੰਤਰੀ ਤੇ ਟੀ ਐਮ ਸੀ ਮੁਖੀ ਮਮਤਾ ਬੈਨਰਜੀ ਨਾਲ ਮੁਲਾਕਾਤ ਕੀਤੀ। ਉਪਰੰਤ ਉਹ ਯੂ ਪੀ ਦੇ ਸਾਬਕਾ ਮੁੱਖ ਮੰਤਰੀ ਤੇ ਸਪਾ ਮੁਖੀ ਅਖਿਲੇਸ਼ ਯਾਦਵ ਨੂੰ ਮਿਲੇ। ਮੁਲਾਕਾਤ ਤੋਂ ਬਾਅਦ ਮਮਤਾ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਜੇਕਰ ਵਿਜ਼ਨ ਤੇ ਮਿਸ਼ਨ ਸਾਫ਼ ਹੈ ਤਾਂ ਅਸੀਂ ਮਿਲ ਕੇ ਲੜਾਂਗੇ। ਸਾਡਾ ਕੋਈ ਵਿਅਕਤੀਗਤ ਹੰਕਾਰ ਨਹੀਂ ਹੈ। ਅਸੀਂ ਰਲ ਕੇ ਕੰਮ ਕਰਨਾ ਚਾਹੁੰਦੇ ਹਾਂ। ਅਖਿਲੇਸ਼ ਯਾਦਵ ਨੇ ਵੀ ਭਾਜਪਾ ਨੂੰ ਰੋਕਣ ਲਈ ਵਿਰੋਧੀਆਂ ਦੀ ਇੱਕਜੁਟਤਾ ਦੀ ਹਾਮੀ ਭਰੀ ਹੈ।*

*ਇਸੇ ਦੌਰਾਨ ਤੇਲੰਗਾਨਾ ਦੇ ਮੁੱਖ ਮੰਤਰੀ ਤੇ ਬੀ ਆਰ ਐਸ ਦੇ ਮੁਖੀ ਚੰਦਰ ਸ਼ੇਖਰ ਰਾਓ ਨੇ ਬਿਆਨ ਦਿੱਤਾ ਹੈ ਕਿ ਉਹ ਕਾਂਗਰਸ ਦੇ ਨਾਲ ਗੱਠਜੋੜ ਵਿੱਚ ਸ਼ਾਮਲ ਹੋ ਸਕਦੇ ਹਨ। ਉਕਤ ਤਿੰਨੇ ਆਗੂਆਂ ਦਾ ਭਾਜਪਾ ਵਿਰੁੱਧ ਮਹਾਂਗੱਠਜੋੜ ਬਣਾਉਣ ਬਾਰੇ ਅਖਤਿਆਰ ਕੀਤਾ ਨਵਾਂ ਪੈਂਤੜਾ ਅਤੀ ਮਹੱਤਵਪੂਰਨ ਹੈ। ਇਸ ਤੋਂ ਪਹਿਲਾਂ ਇਹ ਤਿੰਨੇ ਆਗੂ ਹੀ ਭਾਜਪਾ ਤੇ ਕਾਂਗਰਸ ਤੋਂ ਬਰਾਬਰ ਦੂਰੀ ਦੇ ਨਾਂਅ ’ਤੇ ਤੀਜਾ ਮੋਰਚਾ ਬਣਾਉਣ ਲਈ ਜਤਨਸ਼ੀਲ ਸਨ। ਮਮਤਾ ਨੇ ਤਾਂ ਇਹ ਸਪੱਸ਼ਟ ਐਲਾਨ ਕਰ ਦਿੱਤਾ ਸੀ ਉਹ 2024 ਦੀਆਂ ਲੋਕ ਸਭਾ ਚੋਣਾਂ ਆਪਣੇ ਦਮ ਉੱਤੇ ਲੜੇਗੀ। ਅਸਲ ਵਿੱਚ ਮਮਤਾ ਤੇ ਚੰਦਰ ਸ਼ੇਖਰ ਰਾਓ ਦੀ ਮੁਸ਼ਕਲ ਇਹ ਹੈ ਕਿ ਬੰਗਾਲ ਵਿੱਚ ਟੀ ਐਮ ਸੀ ਦਾ ਮੁਕਾਬਲਾ ਭਾਜਪਾ ਦੇ ਨਾਲ ਕਾਂਗਰਸ-ਕਮਿਊਨਿਸਟ ਗੱਠਜੋੜ ਨਾਲ ਵੀ ਹੈ ਤੇ ਤੇਲੰਗਾਨਾ ਵਿੱਚ ਬੀ ਆਰ ਐਸ ਦਾ ਵੀ ਸਿੱਧੇ ਤੌਰ ’ਤੇ ਕਾਂਗਰਸ ਨਾਲ ਮੁਕਾਬਲਾ ਹੈ। ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰੀ ਰੱਦ ਹੋਣ ਤੋਂ ਬਾਅਦ ਪ੍ਰਸਥਿਤੀਆਂ ਬਦਲ ਚੁੱਕੀਆਂ ਹਨ। ਉਕਤ ਸਾਰੀਆਂ ਪਾਰਟੀਆਂ ਦੇ ਆਗੂ ਇੱਕ-ਇੱਕ ਕਰਕੇ ਕੇਂਦਰੀ ਏਜੰਸੀਆਂ ਦੇ ਨਿਸ਼ਾਨੇ ’ਤੇ ਹਨ। ਈ ਡੀ ਤੇ ਸੀ ਬੀ ਆਈ ਦੇ ਡੰਡੇ ਨਾਲ ਖੇਤਰੀ ਪਾਰਟੀਆਂ ਦੇ ਵਿਧਾਇਕਾਂ ਨੂੰ ਖਰੀਦਣ ਤੇ ਤੋੜਨ ਦੀ ਭਾਜਪਾ ਕਦੋਂ ਮੁਹਿੰਮ ਛੇੜ ਦੇਵੇ, ਇਸ ਦਾ ਡਰ ਹਰ ਪਾਰਟੀ ਨੂੰ ਸਤਾ ਰਿਹਾ ਹੈ। ਹੁਣ ਤੱਕ ਮੁੱਖ ਮੰਤਰੀ ਚੰਦਰ ਸ਼ੇਖਰ ਰਾਓ ਭਾਜਪਾ ਪ੍ਰਤੀ ਉਲਾਰ ਪਹੁੰਚ ਰੱਖਦੇ ਸਨ। ਬੀ ਆਰ ਐਸ ਦੇ ਸਾਂਸਦਾਂ ਨੇ ਹਮੇਸ਼ਾ ਸਰਕਾਰੀ ਬਿੱਲਾਂ ਦੀ ਹਮੈਤ ਕੀਤੀ ਤੇ ਕੇਂਦਰ ਸਰਕਾਰ ਵੀ ਉਸ ਨੂੰ ਮੂੰਹ ਮੰਗੀ ਸਹਾਇਤਾ ਦਿੰਦੀ ਰਹੀ ਹੈ।*

*ਜਦੋਂ ਤੋਂ ਚੰਦਰ ਸ਼ੇਖਰ ਰਾਓ ਦੀ ਬੇਟੀ ਕਵਿਤਾ ਨੂੰ ਦਿੱਲੀ ਸ਼ਰਾਬ ਨੀਤੀ ਮਾਮਲੇ ਵਿੱਚ ਫਸਾਇਆ ਗਿਆ ਹੈ, ਉਸ ਨੂੰ ਭਾਜਪਾ ਦੀ ਹਕੀਕਤ ਸਮਝ ਆਉਣ ਲੱਗ ਪਈ ਹੈ। ਬੀ ਆਰ ਐਸ ਵੱਲੋਂ ਮੀਡੀਆ ਨੂੰ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ, “ਜਿਸ ਤਰ੍ਹਾਂ ਕੇਂਦਰੀ ਹਾਕਮਾਂ ਵੱਲੋਂ ਕੇਂਦਰੀ ਏਜੰਸੀਆਂ ਰਾਹੀਂ ਵਿਰੋਧੀ ਧਿਰ ਦੇ ਆਗੂਆਂ ਨੂੰ ਦਬਾਇਆ ਜਾ ਰਿਹਾ ਹੈ, ਇਹ ਭਾਰਤ ਨੂੰ ਪਾਕਿਸਤਾਨ ਬਣਾ ਦੇਣਗੇ। ਜਦੋਂ ਪਾਕਿਸਤਾਨ ਵਿੱਚ ਇਮਰਾਨ ਦਾ ਰਾਜ ਸੀ ਤਾਂ ਵਿਰੋਧੀ ਆਗੂ ਦੇਸ਼ ਛੱਡ ਕੇ ਭੱਜ ਰਹੇ ਸਨ ਤੇ ਅੱਜ ਇਮਰਾਨ ਖਾਨ ਜਾਨ ਬਚਾਉਣ ਲਈ ਲੁਕੇ ਫਿਰਦੇ ਹਨ। ਇਸ ਗੰਭੀਰ ਸਥਿਤੀ ਵਿੱਚ ਸਾਰਿਆਂ ਨੂੰ ਇੱਕਮੁੱਠ ਹੋਣਾ ਪਵੇਗਾ। ਸਾਨੂੰ ਆਪਸੀ ਮਤਭੇਦ ਭੁਲਾ ਕੇ ਦੇਸ਼ ਨੂੰ ਬਚਾਉਣ ਲਈ ਭਾਜਪਾ ਨੂੰ ਹਰਾਉਣਾ ਮੁੱਖ ਨਿਸ਼ਾਨਾ ਬਣਾਉਣਾ ਪਵੇਗਾ। ਕਾਂਗਰਸ ਬਾਰੇ ਸਾਡਾ ਏਨਾ ਹੀ ਕਹਿਣਾ ਹੈ ਕਿ ਉਹ ਆਪਣੀ ਕੌਮੀ ਤਾਕਤ ਦਾ ਅਹਿਸਾਸ ਕਰੇ। ਜਿੱਥੇ ਖੇਤਰੀ ਪਾਰਟੀਆਂ ਮਜ਼ਬੂਤ ਹਨ, ਉੱਥੇ ਉਹ ਉਨ੍ਹਾਂ ਨਾਲ ਗੱਲ ਕਰੇ ਤੇ ਜਿਥੇ ਕਾਂਗਰਸ ਮਜ਼ਬੂਤ ਹੈ, ਉਥੇ ਉਸ ਨੂੰ ਉਸ ਦਾ ਬਣਦਾ ਹਿੱਸਾ ਮਿਲੇ।”*

*ਬੀ ਆਰ ਐਸ ਦੇ ਬਦਲੇ ਪੈਂਤੜੇ ਤੋਂ ਬਾਅਦ ਹੁਣ ਸਿਰਫ਼ ਓਡੀਸ਼ਾ ਦੇ ਮੁੱਖ ਮੰਤਰੀ ਬਿਜੂ ਪਟਨਾਇਕ ਹੀ ਹਨ, ਜਿਹੜੇ ਵਿਰੋਧੀ ਦਲਾਂ ਦੀ ਏਕਤਾ ਤੋਂ ਦੂਰ ਹਨ। ਦੇਰ-ਸਵੇਰੇ ਉਨ੍ਹਾ ਨੂੰ ਵੀ ਅੜੀ ਛੱਡਣੀ ਪਵੇਗੀ, ਨਹੀਂ ਤਾਂ ਭਾਜਪਾ ਉਨ੍ਹਾ ਨੂੰ ਖਾ ਜਾਵੇਗੀ। ਤਜਰਬਾ ਦੱਸਦਾ ਹੈ ਕਿ ਭਾਜਪਾ ਨੇ ਜਿਸ ਵੀ ਪਾਰਟੀ ਨਾਲ ਗੱਠਜੋੜ ਕੀਤਾ ਆਖਰ ਵਿੱਚ ਉਸ ਨੂੰ ਤੋੜ ਕੇ ਖ਼ਤਮ ਕਰ ਦਿੱਤਾ। ਯੂ ਪੀ ਵਿੱਚ ਅਪਨਾ ਦਲ, ਬਿਹਾਰ ਵਿੱਚ ਪਾਸਵਾਨ ਦੀ ਪਾਰਟੀ, ਮਹਾਰਾਸ਼ਟਰ ਵਿੱਚ ਸ਼ਿਵ ਸੈਨਾ, ਆਂਧਰਾ ਪ੍ਰਦੇਸ਼ ਵਿੱਚ ਤੇਲਗੂ ਦੇਸ਼ਮ ਤੇ ਤਾਮਿਲਨਾਡੂ ਵਿੱਚ ਅੰਨਾ ਡੀ ਐਮ ਕੇ ਇਸ ਦੀਆਂ ਮਿਸਾਲਾਂ ਹਨ। ਮਾਇਆਵਤੀ ਨੂੰ ਵੀ ਇਹ ਸੋਚਣਾ ਪੈਣਾ ਕਿ ਉਸ ਨੇ ਬਸਪਾ ਦਾ ਭੋਗ ਪਾਉਣਾ ਹੈ ਜਾਂ ਸਿਆਸੀ ਪਿੜ ਵਿੱਚ ਜ਼ਿੰਦਾ ਰਹਿਣਾ ਹੈ।*

**-ਚੰਦ ਫਤਿਹਪੁਰੀ**

# ਸਰਕਾਰੀ ਖਜ਼ਾਨੇ ਨੂੰ ਚਿੰਬੜੀਆਂ ਲਹੂ ਪੀਣੀਆਂ ਜੋਕਾਂ



ਤਰਸੇਮ ਸਿੰਘ ਭੰਗੂ

ਦੋ ਹਜ਼ਾਰ ਬਾਈ ਵਿਚ ਨਵੀਂ ਸਰਕਾਰ ਬਣਦਿਆਂ ਹੀ ਵਿਧਾਇਕਾਂ ਦੀ ਇੱਕ ਪੈਨਸ਼ਨ ਬਾਰੇ ਜੋ ਇਤਿਹਾਸਕ ਫੈਸਲਾ ਲਿਆ ਗਿਆ ਸੀ, ਬਹੁਤ ਹੀ ਸਲਾਹੁਣਯੋਗ ਸੀ। ਇਸ ਫੈਸਲੇ ਨਾਲ ਕੁੱਝ ਲੋਕਾਂ ਦੇ ਢਿੱਡੀਂ ਸੂਲ਼ ਵੀ ਉੱਠੇ ਸਨ। ਕੁਝ ਨੇ ਸ਼ਰਮੋ-ਸ਼ਰਮੀ ਫੈਸਲੇ ਦਾ ਸਵਾਗਤ ਵੀ ਕੀਤਾ ਸੀ। ਮੁੱਖ ਮੰਤਰੀ ਨੇ ਆਪਣੇ ਸਾਥੀਆਂ ਨੂੰ ਮੁਖਾਤਿਬ ਹੁੰਦਿਆਂ ਕਿਹਾ ਸੀ ਕਿ ਤੁਸੀਂ ਵਧੀਆ ਕੰਮ ਕਰੋ, ਤੁਹਾਨੂੰ ਵਧੀਆ ਸੁਝਾਅ ਜਨਤਾ ’ਚੋਂ ਆਉਣਗੇ ਬਸ ਉਨ੍ਹਾਂ ’ਤੇ ਗੌਰ ਕਰਨ ਦੀ ਲੋੜ ਹੈ।

ਬਹੁਤ ਸਾਰੇ ਹੋਰ ਵਿਸ਼ਿਆਂ ’ਤੇ ਵੀ ਗੌਰ ਕਰਨ ਦੀ ਲੋੜ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਸੇਵਾ ਭਾਵਨਾ ਨਾਲ ਕੰਮ ਕਰਨ ਵਾਲੇ ਨੂੰ ਪੈਨਸ਼ਨ ਕਾਹਦੀ? ਨੇਤਾ ਲੋਕ ਸੇਵਾ ਬਨਾਮ ਸਰਵਿਸ ਕਰਕੇ ਮਿਹਨਤਾਨੇ ਦੇ ਰੂਪ ਵਿੱਚ ਭੱਤਿਆਂ ਸਮੇਤ ਮੋਟੀਆਂ ਤਨਖਾਹਾਂ ਲੈਂਦੇ ਹਨ। ਇਸ ਲਈ ਇਹ ਸੇਵਕ ਨਹੀਂ, ਮੁਲਾਜ਼ਮ ਹਨ। ਹਰੇਕ ਮੁਲਾਜ਼ਮਤ ਦੇ ਕੁਝ ਨਿਯਮ ਵੀ ਹੁੰਦੇ ਹਨ, ਪਰ ਉਹ ਨਿਯਮ ਇਹਨਾਂ ’ਤੇ ਲਾਗੂ ਕਿਉਂ ਨਹੀਂ ਹੁੰਦੇ? ਜਿਵੇਂ ਕੋਈ ਵੀ ਸਰਕਾਰੀ ਨੌਕਰੀ ਲੈਣ ਵੇਲੇ ਉਮੀਦਵਾਰਾਂ ਵਾਸਤੇ ਯੋਗਤਾ ਅਤੇ ਉਮਰ ਦੀ ਹੱਦ ਤੈਅ ਹੁੰਦੀ ਹੈ। ਇਵੇਂ ਹੀ ਸੇਵਾ-ਮੁਕਤੀ ਦੀ ਹੱਦ ਵੀ ਰੱਖੀ ਗਈ ਹੈ। ਜੇ ਨੇਤਾ ਲੋਕ ਨੱਬੇ-ਪਚਾਨਵੇਂ ਸਾਲ ਦੀ ਉਮਰ ਵਿੱਚ ਇਲੈਕਸ਼ਨ ਬਨਾਮ ਨੌਕਰੀ ਲੈ ਸਕਦੇ ਹਨ, ਫਿਰ ਅਠਵਿੰਜਾ ਸਾਲ ਦੀ ਉਮਰ ਵਿੱਚ ਸੇਵਾ-ਮੁਕਤ ਹੋਣ ਵਾਲੇ ਮੁਲਾਜ਼ਮ ਹੋਰ ਸੇਵਾ ਕਿਉਂ ਨਹੀਂ ਕਰ ਸਕਦੇ।? ਨੇਤਾ ਲੋਕ ਤਾਂ ਉਦੋਂ ਹੀ ਸੇਵਾ-ਮੁਕਤ ਹੁੰਦੇ ਹਨ, ਜਦੋਂ ਚਾਰ ਭਾਈ ਚੁੱਕ ਕੇ ਸਿਵਿਆਂ ਵੱਲ ਲੈ ਤੁਰਨ। ਜੇ ਮੁਲਾਜ਼ਮਾਂ ਨੂੰ ਠੇਕੇ ’ਤੇ ਰੱਖਿਆ ਜਾ ਸਕਦਾ ਹੈ ਤਾਂ ਐੱਮ.ਐੱਲ.ਏ. ਜਾਂ ਐੱਮ.ਪੀ. ਨੂੰ ਵੀ ਪੰਜ ਸਾਲ ਵਾਸਤੇ ਠੇਕੇ ’ਤੇ ਕਿਉਂ ਨਹੀਂ ਰੱਖਿਆ ਜਾ ਸਕਦਾ ? ਇਕ ਪੈਨਸ਼ਨ ਦੇ ਫੈਸਲੇ ਦੇ ਸਬੰਧ ਵਿੱਚ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵਿਚ ਟਰਾਂਸਪੋਰਟ ਅਤੇ ਸਿੱਖਿਆ ਮੰਤਰੀ ਰਹਿ ਚੁੱਕੇ ਇਕ ਸਾਬਕਾ ਵਿਧਾਇਕ ਕਾਫ਼ੀ ਸਿਆਣੇ ਹੋਣ ਦਾ ਸਬੂਤ ਦੇ ਰਹੇ ਸਨ। ਮੰਤਰੀ ਦੇ ਅਹੁਦੇ ’ਤੇ ਰਹਿੰਦਿਆਂ ਰੋਡਵੇਜ਼ ਵਿਚ ਭਰਤੀ ਮੌਕੇ ਇਹਨਾਂ ਦਾ ਸਰਕਾਰੀ ਖਜ਼ਾਨੇ ਨੂੰ ਬਚਾਉਣ ਲਈ ਤਰਕ ਸੀ ਕਿ “ਜਦੋਂ ਸਾਨੂੰ ਇਕ ਪੱਕੇ ਡਰਾਈਵਰ ਦੀ ਤਨਖਾਹ ਵਿਚ ਠੇਕੇ ’ਤੇ ਤਿੰਨ ਡਰਾਈਵਰ ਮਿਲ ਰਹੇ ਹਨ ਤਾਂ ਫਿਰ ਸਰਕਾਰ ਇਕ ਨੂੰ ਕਿਉਂ ਰੱਖੇਗੀ? ਕੀ ਇਹ ਨੇਤਾ ਜੀ ਮੰਤਰੀ ਬਣਨ ਤੋਂ ਪਹਿਲਾਂ ਖੁਦ ਠੇਕੇ ’ਤੇ ਭਰਤੀ ਹੋਏ ਸਨ? ਇਹਨਾਂ ਨੂੰ ਵੀ ਠੇਕੇ ’ਤੇ ਰੱਖਣ ਦਾ ਕਾਨੂੰਨ ਬਣਨਾ ਚਾਹੀਦਾ ਹੈ ਤਾਂ ਕਿ ਇਹ ਠੇਕੇ ’ਤੇ ਕੰਮ ਕਰਨ ਵਾਲੇ ਮੁਲਾਜ਼ਮਾਂ ਦਾ ਦਰਦ ਮਹਿਸੂਸ ਕਰ ਸਕਣ। ਇਸ ਤਰ੍ਹਾਂ ਠੇਕੇ ’ਤੇ ਰੱਖੇ ਵਿਧਾਇਕਾਂ ਨੂੰ ਪੈਨਸ਼ਨ ਦੇਣ ਦਾ ਕੋਹੜ ਹੀ ਖਤਮ ਹੋ ਜਾਵੇਗਾ। ਸੋਚਣਾ ਬਣਦਾ ਹੈ ਕਿ ਜੇ ਸੰਨ ਦੋ ਹਜ਼ਾਰ ਚਾਰ ਤੋਂ ਬਾਅਦ ਲੰਮਾ ਸਮਾਂ ਨੌਕਰੀ ਕਰਨ ਵਾਲੇ ਦੀ ਪੈਨਸ਼ਨ ਬੰਦ ਕਰ ਦਿੱਤੀ ਹੈ ਤਾਂ ਫਿਰ ਇਹਨਾਂ ਨੂੰ ਪੈਨਸ਼ਨ ਕਿਉਂ? ਵੈਸੇ ਨਵੀਂ ਸਰਕਾਰ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਸ਼ਲਾਘਾਯੋਗ ਫੈਸਲਾ ਲਿਆ ਹੈ, ਜਿਸ ਦੀ ਕਾਫ਼ੀ ਸਰਾਹਨਾ ਹੋਈ ਹੈ। ਸਾਂਸਦ ਜਾਂ ਵਿਧਾਇਕ ਇਕ ਵਾਰ ਹਾਜ਼ਰੀ ਲੱਗਣ ਤੋਂ ਬਾਅਦ ਪੈਨਸ਼ਨ ਲੈਣ ਦੇ ਹੱਕਦਾਰ ਬਣ ਜਾਂਦੇ ਹਨ। ਜੇ ਸਰਕਾਰੀ ਮੁਲਾਜ਼ਮਾਂ ਵਾਂਗ ਇਹਨਾਂ ਨੂੰ ਪੈਨਸ਼ਨ ਦੇਣੀ ਹੀ ਹੈ ਤਾਂ ਘੱਟੋ-ਘੱਟ ਤਿੰਨ ਵਾਰ ਚੁਣੇ ਜਾਣ ਤੋਂ ਬਾਅਦ ਹੀ ਇਕ ਪੈਨਸ਼ਨ ਦੇਣੀ ਬਣਦੀ ਹੈ। ਭਾਵ ਘੱਟੋ-ਘੱਟ ਪੰਦਰਾਂ ਸਾਲ ਨੌਕਰੀ, ਸੇਵਾ ਨਹੀਂ। ਭੱਤਿਆਂ ਅਤੇ ਸਹੂਲਤਾਂ ਵਿਚ ਵੀ ਬਦਲਾਅ ਕਰਨ ਦੀ ਲੋੜ ਹੈ, ਜਿਵੇਂ ਮੋਬਾਈਲ ਭੱਤੇ ਦੇ ਸਬੰਧ ਵਿੱਚ ਵਿਚਾਰਿਆ ਜਾਵੇ ਤਾਂ ਕੋਈ ਵੀ ਦੂਰਸੰਚਾਰ ਕੰਪਨੀ ਅੱਜਕੱਲ੍ਹ ਸੱਤ-ਅੱਠ ਸੌ ਰੁਪਏ ਵਿੱਚ ਕਾਲ ਅਤੇ ਇੰਟਰਨੈੱਟ ਅਨ-ਲਿਮਟਿਡ ਸੇਵਾਵਾਂ ਮੁਹੱਈਆ ਕਰਵਾ ਰਹੀ ਹੈ, ਫਿਰ ਇਹਨਾਂ ਨੂੰ ਹਜ਼ਾਰਾਂ ਵਿਚ ਮੋਬਾਈਲ ਭੱਤਾ ਨਹੀਂ ਹੋਣਾ ਚਾਹੀਦਾ। ਇਕ ਨੇਤਾ ਨੇ ਆਪਣੇ ਨੀਂਦ ਵਿੱਚ ਘੁਰਾੜਿਆਂ ਦੀ ਬਿਮਾਰੀ ਦਾ ਇਲਾਜ ਵੀ ਵਿਦੇਸ਼ ਵਿੱਚ ਕਰਵਾ ਕੇ ਲੱਖਾਂ ਦਾ ਬਿੱਲ ਕਲੇਮ ਕਰਵਾਇਆ। ਭਲਾ ਘੁਰਾੜਿਆਂ ਤੋਂ ਘਰ ਦੇ ਕਿਸੇ ਜੀਅ ਨੂੰ ਤਾਂ ਤਕਲੀਫ ਹੋ ਸਕਦੀ ਹੈ, ਕਮ ਸੇ ਕਮ ਕਿਸੇ ਪੰਜਾਬੀ ਨੂੰ ਨਹੀਂ। ਭਾਵੇਂ ਰਾਤ-ਦਿਨ ਮਾਰੀ ਜਾਵੇ। ਇਥੇ ਹੀ ਬਸ ਨਹੀਂ, ਅਜਿਹੇ ਹੋਰ ਵੀ ਕਈ ਹਨ, ਜੋ ਵਿਦੇਸ਼ਾਂ ਵਿੱਚ ਇਲਾਜ ਕਰਵਾ ਕੇ ਕਰੋੜਾਂ ਤੱਕ ਵੀ ਮੈਡੀਕਲ ਬਿੱਲ ਕਲੇਮ ਕਰਵਾ ਚੁੱਕੇ ਹਨ । ਜੇ ਵਿਚਾਰਿਆ ਜਾਵੇ ਤਾਂ ਖਜ਼ਾਨੇ ਨੂੰ ਲੱਗੀਆਂ ਲਹੂ ਪੀਣੀਆਂ ਜੋਕਾਂ ਇਹਨਾਂ ਤੋਂ ਵੱਡੀਆਂ ਨਹੀਂ ਹੋ ਸਕਦੀਆਂ। ਇਹ ਸੂਬੇ ਦੇ ਸਰਕਾਰੀ ਹਸਪਤਾਲਾਂ ਵਿੱਚ ਹੀ ਇਲਾਜ ਕਰਵਾਉਣ। ਪ੍ਰਾਈਵੇਟ ਅਤੇ ਵਿਦੇਸ਼ ਵਿੱਚ ਇਲਾਜ ਕਰਵਾਉਣ ਦੇ ਪੈਸੇ ਆਪ ਖਰਚ ਕਰਨ। ਨਿਯਮਾਂ ਅਨੁਸਾਰ ਸਰਕਾਰੀ ਰੇਟਾਂ ਅਨੁਸਾਰ ਹੀ ਬਿੱਲ ਕਲੇਮ ਹੋਣੇ ਚਾਹੀਦੇ ਹਨ। ਇਨ੍ਹਾਂ ਦਾ ਕਰੋੜਾਂਪਤੀ ਹੋ ਕੇ ਵੀ ਰੱਜ ਨਹੀਂ ਹੁੰਦਾ। ਹਵਾਈ ਤੇ ਰੇਲ ਸਫ਼ਰ ਫ੍ਰੀ, ਲੱਖਾਂ ਵਿਚ ਲਈ ਸੈਲਰੀ ਨੂੰ ਪੈਣ ਵਾਲਾ ਆਮਦਨੀ ਟੈਕਸ ਆਦਿ। ਲੋਕਾਂ ਵੱਲੋਂ ਦਿੱਤੇ ਟੈਕਸ ’ਚੋਂ ਭਰਨਾ ਵੀ ਵਾਜਬ ਨਹੀਂ। ਸੁਰੱਖਿਆ ਵਿਚ ਕਟੌਤੀ ਜਿਵੇਂ ਕਈ ਅਖੌਤੀ ਧਾਰਮਿਕ ਅਤੇ ਰਾਜਨੀਤਕ ਲੋਕਾਂ ਨੇ ਗੰਨਮੈਨ ਰੱਖਣਾ ਸਟੇਟਸ ਸਿੰਬਲ ਬਣਾ ਲਿਆ ਹੈ। ਇਸ ਬਾਰੇ ਵੀ ਵੇਖਣ ਦੀ ਲੋੜ ਹੈ। ਜਿਸ ਨੂੰ ਲੋਕਾਂ ਤੋਂ ਖਤਰਾ ਹੈ, ਉਹ ਨਾ ਤਾਂ ਕਿਸੇ ਦਾ ਚਹੇਤਾ ਤੇ ਨਾ ਹੀ ਨੇਤਾ ਹੋ ਸਕਦਾ ਹੈ । ਖਾਸ ਕਰਕੇ ਡਰਾਮਾ ਕਰਕੇ ਸੁਰੱਖਿਆ ਲੈਣ ਵਾਲੇ ਨੂੰ ਖੁਦ ਵੱਲੋਂ ਸੁਰੱਖਿਆ ਕਰਮੀਆਂ ਦੀ ਇਕ ਸਾਲ ਦੀ ਤਨਖਾਹ ਪਹਿਲਾਂ ਸਰਕਾਰ ਨੂੰ ਜਮ੍ਹਾਂ ਕਰਵਾਉਣ ’ਤੇ ਹੀ ਵਾਧੂ ਮੁਲਾਜ਼ਮ ਦਿੱਤੇ ਜਾਣ। ਸਰਕਾਰੀ ਖਜ਼ਾਨਾ ਇਹਨਾਂ ਸੇਵਾਦਾਰਾਂ ਅਤੇ ਸਾਧਾਂ ਦਾ ਬੋਝ ਕਿਉਂ ਚੁੱਕੇ?

ਮੁਫ਼ਤਖੋਰੀਆਂ ਸਹੂਲਤਾਂ ਦੇਣ ਦੀ ਬਜਾਏ ਘੱਟ ਰੇਟਾਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਮੁਫ਼ਤ ਸਹੂਲਤਾਂ ਦੀ ਮਾਨਸਿਕਤਾ ਲੋਕਾਂ ’ਚੋਂ ਖਤਮ ਕਰਨ ਦੀ ਲੋੜ ਹੈ। ਵੋਟਾਂ ਦੀ ਰਾਜਨੀਤੀ ਦੇ ਚੱਕਰ ਵਿੱਚ ਨੇਤਾਵਾਂ ਨੇ ਪੂਰੇ ਮੁਲਕ ਦਾ ਢਿੱਡ ਭਰਨ ਵਾਲੇ ਪੰਜਾਬੀਆਂ ਨੂੰ ਮੰਗਤੇ ਬਣਾ ਕੇ ਰੱਖ ਦਿੱਤਾ ਹੈ। ਮੁਫ਼ਤ ਸਹੂਲਤਾਂ ਦੀ ਬਜਾਏ ਪਛਾਣ ਕਰਕੇ ਲੋੜਵੰਦ ਲੋਕਾਂ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਣਾ ਬਣਦਾ ਹੈ। ਬੁਢਾਪਾ ਅਤੇ ਵਿਧਵਾ ਪੈਨਸ਼ਨ ਮਹਿੰਗਾਈ ਅਨੁਸਾਰ ਮਿਲਣੀ ਚਾਹੀਦੀ ਹੈ ਤਾਂ ਕਿ ਉਹ ਇੱਜ਼ਤ-ਮਾਣ ਨਾਲ ਪੈਸੇ ਖਰਚ ਕੇ ਆਪਣੀ ਲੋੜ ਪੂਰੀ ਕਰ ਸਕਣ। ਮੰਗਤੇ ਬਣ ਕੇ ਹੀਣਭਾਵਨਾ ਦਾ ਸ਼ਿਕਾਰ ਨਾ ਹੋਣ। ਬਹੁਤੇ ਥਾਈਂ ਲੋੜਵੰਦਾਂ ਨੂੰ ਕਿਸੇ ਸਰਕਾਰੀ ਸਕੀਮ ਦਾ ਲਾਭ ਹੀ ਨਹੀਂ ਮਿਲਦਾ ਤੇ ਚੰਗੇ-ਭਲੇ ਜ਼ਮੀਨ ਮਾਲਕ ਕਾਰਾਂ ’ਤੇ ਰਾਸ਼ਨ ਲੈਣ ਆਉਂਦੇ ਸ਼ਰਮ ਮਹਿਸੂਸ ਨਹੀਂ ਕਰਦੇ, ਸਗੋਂ ਬੇਸ਼ਰਮੀ ਜਿਹੀ ਨਾਲ ਆਖਦੇ ਹਨ ਕਿ “ਜੇ ਸਰਕਾਰ ਤੋਂ ਮੁਫ਼ਤ ਵਿਚ ਤੇਲ ਮਿਲਦਾ ਹੋਵੇ ਤਾਂ ਭਾਂਡਾ ਨਾ ਹੋਣ ਦੀ ਸੂਰਤ ਵਿੱਚ ਤੇਲ ਜੁੱਤੀ ਵਿੱਚ ਵੀ ਪਵਾ ਲੈਣਾ ਚਾਹੀਦਾ ਹੈ।”

ਘਰ-ਘਰ ਰਾਸ਼ਨ ਵੰਡਣ ਦਾ ਫੈਸਲਾ ਲਾਗੂ ਹੋਵੇ ਤਾਂ ਕਿ ਗਰੀਬਾਂ ਦੀਆਂ ਕੋਠੀਆਂ ਤੇ ਕਾਰਾਂ ਵੇਖ ਲੋੜਵੰਦਾਂ ਦੀ ਨਿਸ਼ਾਨਦੇਈ ਸੌਖੀ ਹੋ ਜਾਵੇਗੀ। ਅਖੀਰ ਵਿਚ ਏਹੀ ਕਹਿਣਾ ਬਣਦਾ ਹੈ ਕਿ ਸਰਕਾਰ ਇਹ ਚੋਰ-ਮੋਰੀਆਂ ਬੰਦ ਕਰ ਲਏ, ਖਜ਼ਾਨੇ ਵਿਚ ਘਾਟ ਨਹੀਂ ਰਹਿੰਦੀ। ਸਰਕਾਰ ਦੇ ਅਜਿਹੇ ਫੈਸਲਿਆਂ ਦੀ ਨੁਕਤਾਚੀਨੀ ਵਿਰੋਧੀ ਪਾਰਟੀਆਂ ਨੇ ਬੜਾ ਕੁਝ ਕਹਿ ਕੇ ਕਰਨੀ ਹੈ। ਫੈਸਲਾ ਉਹ ਹੋਣਾ ਚਾਹੀਦਾ ਹੈ। ਜਿਹੜਾ ਨਿਰਪੱਖ ਹੋਵੇ ਤੇ ਵਾਪਸ ਨਾ ਲੈਣਾ ਪਵੇ।

***# ਸੰਪਰਕ : 94656-56214***

# ਸ਼ੇਰਾ ਫੇਰ ਕਿਹੜਾ ਚੁਬਾਰੇ ਪੈ ਜਾਣਗੇ...



ਬਿੰਦਰ ਸਿੰਘ ਖੁੱਡੀ ਕਲਾਂ

ਪੁਰਾਤਨ ਸਮਿਆਂ ਦੀ ਖੇਤੀ ‘ਦੱਬ ਕੇ ਵਾਹ ਤੇ ਰੱਜ ਕੇ ਖਾਹ’ ਨੁਕਤੇ ’ਤੇ ਆਧਾਰਤ ਸੀ। ਵਾਹੀ ਬਲਦਾਂ ਅਤੇ ਊਠਾਂ ਨਾਲ ਹੁੰਦੀ ਸੀ। ਖੇਤੀ ਨੂੰ ਸਰੀਰਕ ਜ਼ੋਰ ਦਾ ਕੰਮ ਸਮਝਿਆ ਜਾਂਦਾ ਸੀ। ਖੇਤੀ ਲਈ ਕਿਸੇ ਵਿਸ਼ੇਸ਼ ਹੁਨਰ ਜਾਂ ਫਿਰ ਬਹੁਤ ਜ਼ਿਆਦਾ ਦਿਮਾਗ ਲਗਾਉਣ ਅਤੇ ਹਿਸਾਬ-ਕਿਤਾਬ ਕਰਨ ਦੀ ਜ਼ਰੂਰਤ ਨਹੀਂ ਸੀ ਸਮਝੀ ਜਾਂਦੀ। ਉਪਜ ਦੀ ਵਿਕਰੀ ਦਾ ਜੋ ਥੋੜ੍ਹਾ-ਬਹੁਤਾ ਹਿਸਾਬ-ਕਿਤਾਬ ਕਰਨਾ ਪੈਂਦਾ ਸੀ, ਕਿਸਾਨ ਨੇ ਉਹ ਵੀ ਆੜ੍ਹਤੀਏ ’ਤੇ ਛੱਡਿਆ ਹੋਇਆ ਸੀ। ਕਿਸਾਨ ਸ਼ੁਰੂ ਤੋਂ ਹੀ ਛੋਟੇ-ਮੋਟੇ ਹਿਸਾਬ ਲਗਾਉਣ ਦਾ ਆਦੀ ਨਹੀਂ ਰਿਹਾ। ਸ਼ਾਇਦ ਇਸੇ ਲਈ ਕਿਸਾਨ ਪਰਵਾਰਾਂ ਵਿਚ ਪੜ੍ਹਾਈ ਨੂੰ ਬਹੁਤੀ ਅਹਿਮੀਅਤ ਨਹੀਂ ਸੀ ਦਿੱਤੀ ਜਾਂਦੀ। ਦੂਜੇ ਵੱਲੋਂ ਕੀਤੇ ਹਿਸਾਬ-ਕਿਤਾਬ ’ਤੇ ਵਿਸ਼ਵਾਸ ਕਰਨਾ ਵੀ ਹਰ ਇੱਕ ਦੇ ਹਿੱਸੇ ਨਹੀਂ ਆਉਂਦਾ। ਵਪਾਰੀ ਲੋਕ ਗਾਹਕ ਤੋਂ ਪੈਸੇ ਲੈਣ ਤੋਂ ਪਹਿਲਾਂ ਖੁਦ ਦੀ ਬਣਾਈ ਪਰਚੀ ਨੂੰ ਕਈ ਵਾਰ ਚੈੱਕ ਕਰਦੇ ਹਨ। ਇਸ ਨੂੰ ਕਿਸਾਨ ਦੀ ਦਰਿਆਦਿਲੀ, ਭੋਲਾਪਣ ਅਤੇ ਦੂਜਿਆਂ ’ਤੇ ਵਿਸ਼ਵਾਸ ਕਰਨ ਦਾ ਸਿਖਰ ਹੀ ਕਿਹਾ ਜਾ ਸਕਦਾ ਹੈ ਕਿ ਉਹ ਆੜ੍ਹਤੀਏ ਵੱਲੋਂ ਕੀਤੇ ਹਿਸਾਬ-ਕਿਤਾਬ ਨੂੰ ਸਤਿਬਚਨ ਕਹਿ ਕੇ ਸਵੀਕਾਰ ਕਰ ਲੈਂਦਾ ਹੈ।

ਸਮੇਂ ਦੀ ਤਬਦੀਲੀ ਨੇ ਬੇਸ਼ੱਕ ਖੇਤੀ ਨੂੰ ਵੀ ਇੱਕ ਹੁਨਰਮੰਦ ਕਿੱਤਾ ਬਣਾ ਦਿੱਤਾ ਹੈ। ਖੇਤੀ ਹੁਣ ਮਹਿਜ਼ ‘ਦੱਬ ਕੇ ਵਾਹ ਤੇ ਰੱਜ ਕੇ ਖਾਹ’ ਵਾਲੀ ਨਹੀਂ ਰਹੀ। ਪੜ੍ਹਾਈ-ਲਿਖਾਈ ਨੇ ਕਿਸਾਨਾਂ ਨੂੰ ਹਿਸਾਬੀ-ਕਿਤਾਬੀ ਵੀ ਬਣਾ ਦਿੱਤਾ ਹੈ, ਪਰ ਕਿਸਾਨਾਂ ਖਾਸ ਕਰਕੇ ਬਜ਼ੁਰਗ ਕਿਸਾਨਾਂ ਦੇ ਰਗ-ਰਗ ਵਿਚ ਸਮੋਇਆ ਭੋਲਾਪਣ, ਬੁਲੰਦ ਹੌਸਲਾ, ਦਰਿਆਦਿਲੀ ਅਤੇ ਦੂਜਿਆਂ ’ਤੇ ਵਿਸ਼ਵਾਸ ਕਰਨ ਵਾਲਾ ਸੁਭਾਅ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਹੈ। ਬੀਤੇ ਦਿਨੀਂ ਬਰਨਾਲੇ ਦੀ ਦਾਣਾ ਮੰਡੀ ਕੋਲ ਦੀ ਲੰਘ ਰਿਹਾ ਸੀ ਤਾਂ ਸੋਚਿਆਂ ਕਿਸਾਨਾਂ ਨਾਲ ਕਣਕ ਦੀ ਫਸਲ ਦੇ ਨੁਕਸਾਨ ਬਾਬਤ ਅਤੇ ਕੀਮਤ ਬਾਰੇ ਗੱਲਬਾਤ ਕਰਦਾ ਜਾਵਾਂ। ਮੰਡੀ ਵਿਚ ਗਿਣਤੀ ਦੀਆਂ ਢੇਰੀਆਂ ਦੀ ਹੀ ਆਮਦ ਹੋਈ ਸੀ। ਦੋ ਬਜ਼ੁਰਗ ਕਿਸਾਨ ਕਣਕ ਦੇ ਬੋਹਲ ਕੋਲ ਮੰਜੇ ’ਤੇ ਬੈਠੇ ਨਜ਼ਰੀਂ ਪਏ ਅਤੇ ਮੈਂ ਉਹਨਾਂ ਕੋਲ ਜਾ ਰੁਕਿਆ। ਸਤਿ ਸ੍ਰੀ ਅਕਾਲ ਬੁਲਾਉਣ ਉਪਰੰਤ ਮੈਂ ਦੋਵਾਂ ਨੂੰ ਪਿੰਡ ਪੁੱਛਿਆ ਤਾਂ ਇੱਕ ਨੇ ਆਪਣਾ ਪਿੰਡ ਸੰਘੇੜਾ ਅਤੇ ਦੂਜੇ ਨੇ ਪੱਤੀ ਅਤੇ ਊਂ ਪਿੱਛਾ ਜੋਧਪੁਰ ਦਾ ਦੱਸਿਆ। ਮੈਂ ਆਪਣਾ ਪਿੰਡ ਦੱਸਣ ਉਪਰੰਤ ਖੇਤਰ ਵਿੱਚ ਕਣਕ ਦੀ ਫਸਲ ਦੇ ਹੋਏ ਨੁਕਸਾਨ ਬਾਰੇ ਗੱਲਬਾਤ ਤੋਰੀ ਤਾਂ ਉਹਨਾਂ ਚੜ੍ਹਦੀ ਕਲਾ ਵਿੱਚ ਜਵਾਬ ਦਿੱਤਾ, “ਪੁੱਤ ਆਪਣੇ ਤਾਂ ਕੋਈ ਬਹੁਤਾ ਨੁਕਸਾਨ ਨਹੀਂ ਹੋਇਆ।” ਕਈ ਪਾਸੇ ਦਸਦੇ ਆ ਵੀ ਫਸਲ ਵਾਹਲੀ ਨੁਕਸਾਨੀ ਗਈ। ਕੋਈ ਨਾ ਇਹ ਤਾਂ ਡਾਹਢੇ ਦੀ ਮਰਜ਼ੀ ਆ। ਜੇ ਇੱਕ ਵਾਰੀ ਘੱਟ ਦਿੰਦਾ ਤਾਂ ਦੂਜੀ ਵਾਰੀ ਝੋਲੀ ਭਰ ਦਿੰਦਾ”।

ਲਗਦੇ ਹੱਥ ਮੈਂ ਕਣਕ ਦੀ ਕੀਮਤ ਬਾਰੇ ਪੁੱਛ ਲਿਆ, “ਬਾਪੂ ਕਣਕ ਦਾ ਰੇਟ ਕੀ ਆ ਭਲਾਂ ਐਤਕੀਂ?”

“ਰੇਟ ਤਾਂ ਪੁੱਤ ਸਾਨੂੰ ਲਗਦਾ ਦੋ ਕੁ ਹਜ਼ਾਰ ਹੋਊ। ਦੋਵਾਂ ਦਾ ਇੱਕ-ਦੂਜੇ ਦੇ ਮੂੰਹ ਵੱਲ ਵੇਖਣਾ ਦੱਸਦਾ ਸੀ ਕਿ ਉਹਨਾਂ ਨੂੰ ਕੀਮਤ ਬਾਰੇ ਜਾਣਕਾਰੀ ਨਹੀਂ ਸੀ ਸਿਰਫ ਅੰਦਾਜ਼ਾ ਹੀ ਸੀ”।

ਮੈਂ ਆਪਣੀ ਵਿਦਵਤਾ ਭਰੀ ਗੱਲ ਅੱਗੇ ਤੋਰੀ, “ਵੇਖ ਲਓ ਬਾਪੂ ਸਰਕਾਰਾਂ ਦੇ ਕੰਮ ਕਹਿੰਦੇ ਖਰਾਬ ਕਣਕ ਦਾ ਰੇਟ ਵੀ ਘੱਟ ਦੇਵਾਂਗੇ। ਬਈ ਭਲੇਮਾਣਸੋ ਜੇ ਕਣਕ ਦਾ ਦਾਣਾ ਖਰਾਬ ਹੋਇਆ ਤਾਂ ਇਸ ਵਿੱਚ ਕਿਸਾਨ ਦਾ ਕੀ ਕਸੂਰ ਆ ਭਲਾਂ ਦੀ”।

“ਉਹ ਤਾਂ ਹੈ ਪੁੱਤ” ਉਹਨਾਂ ਬਿਨਾਂ ਕਿਸੇ ਤਲਖੀ ਦੇ ਸਿਰਫ ਏਨਾ ਹੀ ਕਿਹਾ।

“ਬਾਪੂ ਕਣਕ ਦੀ ਤਾਂ ਸਾਰੇ ਦੇਸ਼ਾਂ ’ਚ ਹਾਹਾਕਾਰ ਮਚੀ ਪਈ ਆ। ਕਹਿੰਦੇ ਪਾਕਿਸਤਾਨ ’ਚ ਆਟਾ ਦੋ ਸੌ ਰੁਪਏ ਕਿਲੋ ਦੇ ਹਿਸਾਬ ਨਾਲ ਵਿਕ ਰਿਹੈ। ਕੈਨੇਡਾ, ਆਸਟਰੇਲੀਆ ਅਤੇ ਹੋਰ ਸਭ ਮੁਲਕਾਂ ’ਚ ਵੀ ਆਟੇ ਦੇ ਭਾਅ ਬਹੁਤ ਵਧ ਗਏ ਨੇ, ਪਰ ਆਹ ਸਾਡੀਆਂ ਸਰਕਾਰਾਂ ਨਖਰੇ ਮਾਰਦੀਆਂ ਨੇ ਕਣਕ ਖਰੀਦਣ ਤੋਂ। ਬਾਪੂ ਮੈਨੂੰ ਲਗਦਾ ਕਣਕ ਦੀਆਂ ਵਧੀਆਂ ਕੀਮਤਾਂ ਦਾ ਕਿਸਾਨਾਂ ਨੂੰ ਤਾਂ ਇਹ ਕੋਈ ਲਾਭ ਦੇਣਾ ਈ ਨ੍ਹੀ ਚਾਹੁੰਦੇ?” ਮੈਂ ਗੱਲ ਅੱਗੇ ਵਧਾਈ।

“ਚੱਲ ਕੋਈ ਨਾ ਸ਼ੇਰਾ। ਇਹ ਤਾਂ ਚੱਲਦਾ ਈ ਰਹਿਨੈ। ਜੇ ਪੰਜ ਸੌ ਵੱਧ ਦੀ ਖਰੀਦ ਲੈਣਗੇ, ਫੇਰ ਕਿਹੜਾ ਚੁਬਾਰੇ ਪੈ ਜਾਣਗੇ। ਇਹ ਤਾਂ ਪ੍ਰਮਾਤਮਾ ਤੰਦਰੁਸਤੀ ਬਖਸ਼ੇ। ਪੈਸੇ ਦਾ ਕੀ ਆ ਇਹ ਤਾਂ ਆਉਂਦਾ ਜਾਂਦਾ ਈ ਰਹਿੰਦੈ। ਨਾਲੇ ਇਹ ਕਿਹੜਾ ਕੁੰਭ ਦਾ ਨੌਣ ਆ। ਛੇ ਮਹੀਨਿਆਂ ਨੂੰ ਫੇਰ ਆਈ ਫਸਲ। ਬੱਸ ਰੱਬ ਮਿਹਰ ਰੱਖੇ। ਉਹਨਾਂ ਇਕਸੁਰ ਹੋ ਜਵਾਬ ਦਿੱਤਾ।

ਉਹਨਾਂ ਦਾ ਜਵਾਬ ਸੁਣ ਪੈਸਿਆਂ ਲਈ ਦੀਨ ਈਮਾਨ ਵੇਚਦੇ ਲੋਕਾਂ ਦਾ ਘਿਨਾਉਣਾ ਚਿਹਰਾ ਮੇਰੀਆਂ ਅੱਖਾਂ ਸਾਹਮਣਿਓਂ ਕਿਸੇ ਫਿਲਮ ਵਾਂਗ ਗੁਜ਼ਰ ਗਿਆ ਅਤੇ ਮੈਨੂੰ ਲੱਖ ਤਬਦੀਲੀਆਂ ਦੇ ਬਾਵਜੂਦ ਕਿਸਾਨ ਅੱਜ ਵੀ ਦਰਿਆਦਿਲੀ ਅਤੇ ਭੋਲੇਪਣ ਵਿੱਚ ਮੋਹਰੀ ਨਜ਼ਰ ਆਇਆ।

ਉਹਨਾਂ ਦਾ ਦਰਿਆਦਿਲੀ, ਦਲੇਰੀ ਅਤੇ ਉਤਸ਼ਾਹ ਵਾਲਾ ਜਵਾਬ ਸੁਣ ਕੇ ਮੇਰੇ ਨਾਲ ਹੀ ਖੜੀ ਪਤਨੀ ਦੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ, “ਲੈ ਐਂ ਆ ਆਪਣੇ ਜੱਟਾਂ ਦਾ ਤਾਂ”।

***# ਸੰਪਰਕ : 98786-05965***

# ਪੰਜਾਬ ਖੁਸ਼ਹਾਲ ਹੋਣ ’ਤੇ ਵੀ ਆਤਮ-ਹੱਤਿਆ ’ਤੇ ਜ਼ੋਰ ਕਿਉਂ?



ਅਮੀਰ ਸਿੰਘ ਜੋਸਨ

ਆਪਣੇ ਘਰਦਿਆਂ ਨੂੰ ਮੌਤ ਦੇ ਕੇ ਫਿਰ ਆਪ ਵੀ ਮੌਤ ਨੂੰ ਗਲ ਨਾਲ ਲਾ ਲੈਣਾ ਇਹ ਰਵਾਇਤ ਪੰਜਾਬ ਵਿੱਚ ਆਮ ਹੀ ਇਸ ਦਾ ਰਿਵਾਜ ਪੈ ਗਿਆ ਹੈ। ਇਨ੍ਹਾਂ ਦਾ ਅੰਕੜਾ ਬਹੁਤ ਵਧ ਗਿਆ ਹੈ । ਆਤਮ-ਹੱਤਿਆਂ ਦੀਆਂ ਘਟਨਾਵਾਂ ਆਮ ਜਿਹੀ ਗੱਲ ਹੋ ਗਈ ਹੈ। ਇਹ ਸਿਲਸਿਲਾ ਰੋਜ਼ ਦਾ ਹੀ ਹੈ। ਆਤਮਘਾਤ ਦੇ ਕੀ ਕਾਰਨ ਨੇ, ਆਤਮਘਾਤ ਦੇ ਮੁੱਖ ਕਾਰਨ ਤਾਂ ਕਈ ਹੋ ਸਕਦੇ ਹਨ, ਪਰ ਜ਼ਿਆਦਾਤਰ ਤਣਾਅਪੂਰਨ ਜ਼ਿੰਦਗੀ, ਕਿਸੇ ਕਿਸਮ ਦਾ ਸਦਮਾ, ਮਾਨਸਿਕ ਜਾਂ ਸਰੀਰਕ ਬਿਮਾਰੀ, ਨਸ਼ਿਆਂ ਦਾ ਆਦੀ ਹੋ ਜਾਣਾ, ਗਰੀਬੀ ਜਾਂ ਆਰਥਿਕ ਤੰਗੀ ਸ਼ਾਮਲ ਹੈ, ਪਰ ਘਰੇਲੂ ਹਿੰਸਾ ਦੇ ਆਤਮਘਾਤ ਵਿਚ ਰੋਲ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਪਤੀ ਨੂੰ ਪਤਨੀ ਦੇ ਕਿਸੇ ਹੋਰ ਨਾਲ ਸੰਬੰਧ ਹੋਣ ਦਾ ਸ਼ੱਕ ਜਾਂ ਪਤਨੀ ਨੂੰ ਇਹੋ ਜਿਹਾ ਕੋਈ ਸ਼ੱਕ ਜਾਂ ਮਾਪਿਆਂ ਨਾਲ ਸੁਖਾਲੇ ਸੰਬੰਧ ਨਾ ਹੋਣਾ ਵੀ ਬੱਚਿਆਂ ਪ੍ਰਤੀ ਗੁੱਸੇ ਦਾ ਕਾਰਨ ਬਣ ਸਕਦਾ ਹੈ। ਇਸ ਤੋਂ ਇਲਾਵਾ ਘਰੇਲੂ ਹਿੰਸਾ ਵੀ ਅਜਿਹੇ ਅਪਰਾਧਾਂ ਦੀ ਜੜ੍ਹ ਹੋ ਸਕਦੀ ਹੈ।

ਇਨ੍ਹਾਂ ’ਚੋਂ ਵਧੇਰੇ ਔਰਤਾਂ ਨਾਲ ਮਾੜਾ ਵਿਹਾਰ ਹੋਇਆ ਹੁੰਦਾ ਹੈ, ਭਾਵੇਂ ਉਹ ਜਜ਼ਬਾਤੀ ਹੋਵੇ ਜਾਂ ਫਿਰ ਜਿਨਸੀ ਜਾਂ ਸਰੀਰਕ ਤੌਰ ’ਤੇ। ਗੁੱਸਾ ਮਰਦ ਇਕੱਲੇ ਨੂੰ ਨਹੀਂ ਆਉਂਦਾ, ਔਰਤ ਨੂੰ ਵੀ ਆਉਂਦਾ ਹੈ, ਬਲਕਿ ਇਹ ਮਨੁੱਖੀ ਸੁਭਾਅ ਦਾ ਹਿੱਸਾ ਹੈ ਤੇ ਇਹ ਕੋਈ ਬਹੁਤ ਵੱਡੀ ਗੱਲ ਵੀ ਨਹੀਂ। ਗੁੱਸਾ ਸਿਰਫ ਪਤੀ-ਪਤਨੀ, ਪ੍ਰੇਮੀ-ਪ੍ਰੇਮਿਕਾ ’ਚ ਨਹੀਂ, ਬਲਕਿ ਦੋਸਤਾਂ, ਮਾਂ, ਧੀ, ਪਿਓ ਧੀ ਮਤਲਬ ਹਰ ਰਿਸ਼ਤੇ ’ਚ ਹੁੰਦਾ ਹੈ, ਜੇ ਗੁੱਸੇ ਨੂੰ ਠੰਢਾ ਨਾ ਕੀਤਾ ਜਾਵੇ ਤਾਂ ਫੇਰ ਘਰ ਤੋੜਨ ਦੀ ਗੱਲ ਤੱਕ ਚਲੀ ਜਾਂਦੀ ਹੈ। ਗੱਲ ਗੁੱਸੇ ਤੋਂ ਵਧਦੀ-ਵਧਦੀ ਘਰੇਲੂ ਹਿੰਸਾ ਤੱਕ ਜਾ ਪਹੁੰਚਦੀ ਹੈ, ਤੇ ਫੇਰ ਇਹ ਘਰਾਂ ਵਿੱਚ ਕੋਈ ਵੀ ਆਪਣੇ ਹੋਸ਼-ਹਵਾਸ ਖੋਹ ਦਿੰਦਾ ਹੈ ਤੇ ਆਪਣੇ ਪਰਵਾਰ ਨੂੰ ਜਾਂ ਆਪ ਆਤਮਘਾਤ ਦਾ ਰਾਹ ਚੁਣ ਲੈਂਦਾ ਹੈ। ਬਾਅਦ ਵਿੱਚ ਇਸ ਗੱਲ ’ਤੇ ਅਫਸੋਸ ਹੀ ਕੀਤਾ ਜਾ ਸਕਦਾ ਹੈ, ਹੋਰ ਕੁਝ ਨਹੀਂ। ਖੋਜਕਾਰਾਂ ਨੇ ਨੌਜਵਾਨ ਕੁੜੀਆਂ ’ਚ ਝੂਠ, ਮਨਮੁਟਾਵ, ਝਗੜੇ, ਨਰਾਜ਼ਗੀ ਅਤੇ ਸ਼ਰਾਬੀ ਹੋਣ ਦੀ ਆਦਤ ਅਤੇ ਬਾਅਦ ’ਚ ਉਨ੍ਹਾਂ ਦੇ ਵਿਆਹੁਤਾ ਜੀਵਨ ’ਚ ਇਸ ਦੇ ਪ੍ਰਭਾਵ ਨਾਲ ਸੰਬੰਧ ਜੋੜਿਆ ਹੈ ।

ਭਾਵਨਾਤਮਕ ਹਿੰਸਾ ਦੇ ਸ਼ਿਕਾਰ ਵਿਅਕਤੀ ਭਾਵੇਂ ਔਰਤ ਜਾਂ ਮਰਦ ਕੋਈ ਵੀ ਹੋਵੇ, ਦਾ ਸਵੈਮਾਣ ਖਤਮ ਹੋ ਜਾਂਦਾ ਹੈ। ਉਸ ਨੂੰ ਲੱਗਦਾ ਹੈ ਕਿ ਲੋਕਾਂ ’ਚ ਉਸ ਦੀ ਬੇਇੱਜ਼ਤੀ ਕੀਤੀ ਜਾਂਦੀ ਹੈ, ਉਸ ’ਤੇ ਨਕਾਰਾਤਮਕ ਹੋਣ ਦਾ ਠੱਪਾ ਲਗਾਇਆ ਜਾਂਦਾ ਹੈ। ਕਈ ਵਾਰ ਹਿੰਸਾ ਦੇ ਸ਼ਿਕਾਰ ਵਿਅਕਤੀ ਨੂੰ ਇਹ ਭਰੋਸਾ ਹੋ ਜਾਂਦਾ ਹੈ ਕਿ ਉਹ ਸੱਚਮੁੱਚ ਹੀ ਕਿੱਤੇ ਗਲਤ ਤਾਂ ਨਹੀਂ ਹੈ ਅਤੇ ਉਹ ਘਰੇਲੂ ਕਲੇਸ਼ ਲਈ ਆਪ ਖੁਦ ਨੂੰ ਹੀ ਜ਼ਿੰਮੇਵਾਰ ਸਮਝਣਾ ਸ਼ੁਰੂ ਕਰ ਦਿੰਦਾ ਹੈ। ਭਾਵੇਂ ਉਹ ਕਿਸੇ ਕੰਮ ਕਾਰਨ ਦੇਰ ਰਾਤ ਆਉਣ ਲਈ ਮਾਫੀ ਵੀ ਮੰਗ ਲਈ ਹੋਵੇ, ਉਹ ਉਨ੍ਹਾਂ ਗਲਤੀਆਂ ਲਈ ਮਾਫੀ ਮੰਗਦਾ ਹੋਵੇ, ਜੋ ਉਸ ਨੇ ਝਗੜੇ ਕੀਤੇ ਨਹੀਂ, ਪਰ ਫੇਰ ਵੀ ਘਰ ਵਿੱਚ ਰਹਿੰਦੇ ਪਰਵਾਰ ਵੱਲੋਂ ਉਸ ਨੂੰ ਇੱਜ਼ਤ ਨਾ ਦਿੱਤੇ ਜਾਣ ਕਾਰਨ ਇਹ ਸਭ ਉਸ ਦੇ ਆਤਮਵਿਸ਼ਵਾਸ ਤੇ ਸਵੈਮਾਣ ਨੂੰ ਬੁਰੀ ਤਰ੍ਹਾਂ ਠੇਸ ਪਹੁੰਚਾਉਂਦਾ ਹੈ। ਉਹ ਸਹੀ ਹੁੰਦਾ ਹੋਇਆ ਵੀ ਇੰਨੇ ਜ਼ਿਆਦਾ ਮਾਨਸਿਕ ਤਣਾਅ ਤੇ ਪ੍ਰੇਸ਼ਾਨੀ ਦਾ ਸ਼ਿਕਾਰ ਹੋ ਜਾਂਦਾ ਹੈ ਕਿ ਉਹ ਦੁੱਖ ਤੇ ਜ਼ਿੱਲਤ ਭਰੀ ਜ਼ਿੰਦਗੀ ਦੀ ਬਜਾਏ ਮੌਤ ਨੂੰ ਗਲ ਲਗਾਉਣਾ ਬਿਹਤਰ ਸਮਝਦਾ ਹੈ। ਮਨੋਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਮਾਨਸਿਕ ਤਣਾਅ ਕਾਰਨ ਇੱਕ ਮਾਂ ਜਾਂ ਇੱਕ ਬਾਪ ਵੱਲੋਂ ਵੀ ਆਪਣੇ ਬੱਚੇ ਨੂੰ ਮਾਰਨ ਬਾਰੇ ਸੋਚਿਆ ਜਾਂਦਾ ਰਿਹਾ ਹੈ। ਇਸ ਬਾਰੇ ਕਈ ਮਨੋਵਿਗਿਆਨੀਆਂ ਵੱਲੋਂ ਕੀਤੀਆਂ ਖੋਜਾਂ ਵਿੱਚ ਵੇਖਿਆ ਗਿਆ ਹੈ ਕਿ ਆਪਣੇ ਬੱਚਿਆਂ ਨੂੰ ਮਾਰਨ ਵਾਲੀਆਂ ਮਾਵਾਂ ਵਿੱਚੋਂ ਬਹੁਤੀਆਂ ਗਰੀਬੀ ਕਾਰਨ ਪਰਵਾਰਾਂ ਦੀਆਂ ਲੋੜਾਂ ਪੂਰੀਆਂ ਨਾ ਕਰ ਸਕਣ ਦੇ ਕਾਰਨ ਵੀ ਇਹ ਰਸਤਾ ਚੁਣ ਲੈਂਦੀਆਂ ਹਨ ਅਤੇ ਕਈ ਔਰਤਾਂ ਵੀ ਵਿਆਹੁਤਾ ਜ਼ਿੰਦਗੀ ਝਗੜਿਆਂ ਦਾ ਘਰ ਬਣਿਆ ਹੋਣ ਦੇ ਕਾਰਨ ਵੀ ਮੌਤ ਨੂੰ ਗਲੇ ਲਾ ਲੈਂਦੀਆਂ ਨੇ। ਘਰੇਲੂ ਹਿੰਸਾ ਦੇ ਕਾਰਨ ਆਤਮਘਾਤ ਕਰਨ ਵਾਲਿਆਂ ਵਿੱਚੋਂ ਬਹੁਤ ਸਾਰੇ ਲੋਕਾਂ ਵਿਚ ਡਿਪਰੈਸ਼ਨ ਜਾਂ ਹੋਰ ਮਾਨਸਿਕ ਸਮੱਸਿਆਵਾਂ ਵੀ ਪਾਈਆਂ ਗਈਆਂ ਹਨ। ਉਹਨਾਂ ਦੀ ਬੁਰੀ ਮਾਨਸਿਕ ਸਿਹਤ ਦਾ ਹੋਣਾ ਕਈ ਵਾਰ ਘਰੇਲੂ ਹਿੰਸਾ ਤੇ ਆਤਮਘਾਤ ਵਿਚਲੇ ਸੰਬੰਧਾਂ ਵਿਚ ਉਲਝਣ ਵੀ ਪੈਦਾ ਕਰਦਾ ਹੈ।

ਘਰੇਲੂ ਹਿੰਸਾ ਕਰਕੇ ਆਤਮਘਾਤ ਕਰਨ ਵਾਲੀਆਂ ਮਾਵਾਂ ਵੱਲੋਂ ਆਪਣੇ ਹੀ ਬੱਚਿਆਂ ਦੇ ਖ਼ੂਨ ਨਾਲ ਹੱਥ ਰੰਗੇ ਜਾਂਦੇ ਹਨ। ਇੱਥੋਂ ਤੱਕ ਕਿ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਵੀ ਨਹੀਂ ਪਤਾ ਲੱਗਦਾ ਕਿ ਇਹ ਹੋ ਕੀ ਗਿਆ ਹੈ ਅਤੇ ਜਦੋਂ ਤੱਕ ਇਸ ਤਣਾਅ ਦੀ ਭਣਕ ਲੱਗਦੀ ਹੈ, ਉਦੋਂ ਤੱਕ ਦਰਦਨਾਕ ਘਟਨਾ ਨੂੰ ਅੰਜਾਮ ਦਿੱਤਾ ਜਾ ਚੁੱਕਿਆ ਹੁੰਦਾ ਹੈ। ਪੁਰਾਣੇ ਸਮੇਂ ਤੋਂ ਚੱਲੀਆਂ ਆ ਰਹੀਆਂ ਮਿੱਥਾਂ ਅਤੇ ਇਸ ਦੇ ਨਾਲ ਹੀ ਜੋ ਵਹਿਮ-ਭਰਮ ਸਾਡੇ ਦਿਲੋ-ਦਿਮਾਗ ’ਚ ਘਰ ਕਰ ਗਏ ਹਨ, ਉਨ੍ਹਾਂ ਨੂੰ ਬਾਹਰ ਕੱਢਣ ਦੀ ਲੋੜ ਹੈ। ਇਹ ਜ਼ਰੂਰੀ ਨਹੀਂ ਕਿ ਘਰੇਲੂ ਹਿੰਸਾ ਔਰਤ ’ਤੇ ਹੁੰਦੀ ਹੈ। ਕਈ ਔਰਤਾਂ ਸਾਰਾ ਦਿਨ ਬੰਦਿਆਂ ਦਾ ਜੀਣਾ ਹਰਾਮ ਕਰੀ ਰੱਖਦੀਆਂ ਹਨ। ਐਵੇਂ ਨਿੱਕੀ-ਨਿੱਕੀ ਗੱਲ ’ਤੇ ਲੜਾਈ-ਝਗੜਾ ਕਰਕੇ ਅਤੇ ਬਾਅਦ ਵਿੱਚ ਜਾਅਲੀ ਕੁੱਟਮਾਰ ਦਾਜ-ਦਹੇਜ ਦਾ ਕੇਸ ਪਾ ਕੇ ਲੜਕੇ ਦੇ ਪਰਵਾਰ ਭੈਣ, ਭਰਾ, ਜੀਜੇ, ਚਾਚੇ, ਤਾਏ ’ਤੇ ਕੇਸ ਪਾ ਕੇ ਪ੍ਰੇਸ਼ਾਨ ਕਰਦੀਆਂ ਹਨ , ਜਿਸ ਕਾਰਨ ਬੰਦੇ ਦੀ ਕੋਟ ਕਚਹਿਰੀਆਂ ਵਿੱਚ ਕੋਈ ਸੁਣਵਾਈ ਨਹੀਂ ਹੁੰਦੀ। ਵਕੀਲ ਅਤੇ ਪੁਲਸ ਵੀ ਰੱਜ ਕੇ ਲੁੱਟਦੇ ਹਨ, ਜਿਸ ਨਾਲ ਬੰਦਾ ਡਿਪਰੈਸ਼ਨ ਵਿੱਚ ਹੋਰ ਧਸ ਜਾਂਦਾ ਹੈ ਅਤੇ ਫਿਰ ਆਤਮ-ਹੱਤਿਆ ਵਰਗਾ ਕਦਮ ਚੁੱਕ ਲੈਂਦਾ ਹੈ।

ਪੰਜਾਬ ਇੱਕ ਇਹੋ ਜਿਹਾ ਸੂਬਾ ਬਣ ਚੁੱਕਾ ਹੈ ਕਿ ਖੁਸ਼ਹਾਲ ਹੁੰਦਾ ਹੋਇਆ ਵੀ ਆਤਮ-ਹੱਤਿਆ ਕਰਨ ਵਿੱਚ ਸਭ ਤੋਂ ਮੋਹਰੀ ਸੂਬਾ ਬਣਨ ਦਾ ਠੱਪਾ ਆਪਣੇ-ਆਪ ’ਤੇ ਲਵਾ ਚੁੱਕਾ ਹੈ। ਆਮ ਕਿਤੇ ਵੀ ਗੱਲ ਚੱਲਦੀ ਹੈ ਤਾਂ ਇਹੋ ਹੀ ਕਿਹਾ ਜਾਂਦਾ ਹੈ ਪੰਜਾਬੀ ਫੁਕਰਪੁਣੇ ਵਿੱਚ ਖਰਚ ਆਪਣੀ ਹੈਸੀਅਤ ਤੋਂ ਵੱਧ ਕਰ ਲੈਂਦੇ ਨੇ ਜਦੋਂ ਕਰਜ਼ਾ ਸਿਰ ਤੱਕ ਅੱਪੜ ਜਾਂਦਾ ਹੈ ਤਾਂ ਫਿਰ ਪਹਿਲਾਂ ਪਈਆਂ ਆਦਤਾਂ ਕਾਰਨ ਖਰਚ ਕੰਟਰੋਲ ਕਰਨਾ ਵੱਸ ਤੋਂ ਬਾਹਰ ਹੋ ਜਾਂਦਾ ਹੈ। ਹੋਰ ਕੋਈ ਰਾਹ ਨਹੀਂ ਬਚਦਾ, ਫੇਰ ਆਤਮ-ਹੱਤਿਆ ਹੀ ਆਖਰੀ ਰਸਤਾ ਬਚਦਾ ਹੈ। ਲੱਗਦਾ ਤਾਂ ਇਹੋ ਹੈ, ਪੰਜਬੀਆਂ ਨੂੰ ਆਪਣੇ ਤੌਰ ਤਰੀਕੇ ਤੇ ਹੋਸ਼ਾਪਣ ਨੂੰ ਕੰਟਰੋਲ ਕਰਨਾ ਪਵੇਗਾ। ਜੇ ਇਸ ਤਰਾਂ ਚਲਦਾ ਰਿਹਾ ਤਾਂ ਨਤੀਜੇ ਕਿਸੇ ਤੋਂ ਲੁਕੇ ਨਹੀਂ ਅਤਮ-ਹੱਤਿਆ ਕੋਈ ਬਹਾਦਰੀ ਨਹੀਂ।

***# ਸੰਪਰਕ : 94179-15875***

## ਪਾਠਕ ਸੱਥ

### ਪੰਜਾਬ ’ਚ ਨਸ਼ਿਆਂ ਦਾ ਨਾ ਰੁਕਣਾ ਗੰਭੀਰ ਮੁੱਦਾ

ਪੰਜਾਬ ’ਚ ਹਰ ਚੋਣ ਕੁਝ ਦਹਾਕਿਆਂ ਤੋਂ ਨਸ਼ਿਆਂ ਦੇ ਮੁੱਦੇ ’ਤੇ ਲੜੀ ਜਾ ਰਹੀ ਹੈ। ਇਨ੍ਹਾਂ ਨਸ਼ਿਆਂ ਵਿੱਚ ਵੱਡੇ-ਵੱਡੇ ਅਫਸਰ ਅਤੇ ਲੀਡਰ ਸ਼ਾਮਲ ਹੁੰਦੇ ਰਹੇ ਹਨ। ਇਸ ਸਰਕਾਰ ਵਿੱਚ ਵੀ ਨਸ਼ਿਆਂ ਪ੍ਰਤੀ ਕੋਈ ਖਾਸ ਸਖਤੀ ਨਹੀਂ ਦਿਖਾਈ ਦਿੰਦੀ। ਨਸ਼ੇ ਹੁਣ ਬਹੁਤ ਥਾਵਾਂ ਤੇ ਮੈਡੀਕਲ ਦੀਆਂ ਦੁਕਾਨਾਂ ਤੇ ਵਿਕ ਰਹੇ ਹਨ। ਕੁਝ ਦਿਨ ਪਹਿਲਾਂ ਮਾਨਸਾ ਵਿਖੇ ਮੈਡੀਕਲ ਦੀਆਂ ਦੁਕਾਨਾਂ ’ਤੇ ਇੱਕ ਵਿਅਕਤੀ ਨੇ ਨਸ਼ੇ ਵਿਕਣ ਦੀਆਂ ਵੀਡੀਓਜ਼ ਵੀ ਪਾਈਆਂ ਸਨ। ਉਹ ਵੇਚਣ ਵਾਲੇ ਵਿਅਕਤੀ ਸ਼ਰੇਆਮ ਕਹਿ ਰਹੇ ਸਨ ਅਸੀਂ ਵੇਚਾਂਗੇ, ਅਸੀਂ ਉੱਪਰ ਤੱਕ ਪੈਸਾ ਦਿੰਦੇ ਹਾਂ। ਦੱਸਿਆ ਜਾਂਦਾ ਹੈ ਕਿ ਇਹ ਨਸ਼ਾ ਸਕੂਲਾਂ ਵਾਲੇ ਜੁਆਕ ਵੀ ਲੈ ਕੇ ਜਾਂਦੇ ਹਨ। ਇਥੋਂ ਤੱਕ ਹੀ ਨਹੀਂ, ਬਹੁਤ ਸਾਰੀਆਂ ਥਾਵਾਂ ਤੇ ਸ਼ਹਿਰਾਂ ਵਿੱਚ ਕੁਝ ਬਸਤੀਆਂ ਵਿੱਚ ਵੀ ਨਸ਼ਾ ਵਿਕ ਰਿਹਾ ਹੈ। ਇਹ ਸਾਜਿਸ਼ ਕਿਸਦੀ ਹੈ? ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਨਾਲ ਮਾਰਿਆ ਜਾ ਰਿਹਾ। ਸਰਕਾਰ ਅਤੇ ਉਸ ਦੇ ਵਿਧਾਇਕ ਚੁੱਪ ਕਿਉਂ ਹਨ? ਕੋਈ ਆਮ ਅਮਲੀ ਨਸ਼ੇ ਸਮੇਤ ਫੜਿਆ ਜਾਵੇ ਛੇਤੀ-ਛੇਤੀ ਜ਼ਮਾਨਤ ਨਹੀਂ ਹੁੰਦੀ। ਪਰ ਮੈਡੀਕਲਾਂ ’ਤੇ ਨਸ਼ਾ ਵੇਚਣ ਵਾਲੇ ਜਾਂ ਖਤਰਨਾਕ ਨਸ਼ਾ ਵੇਚਣ ਵਾਲੇ ਜਲਦੀ ਛੁੱਟ ਜਾਂਦੇ ਹਨ। ਕਿਉਂ ਨਹੀਂ ਮੌਜੂਦਾ ਸਰਕਾਰ ਇਸ ਪਾਸੇ ਦੇਖਦੀ? ਸਰਕਾਰ ਜਾਗਰੂਕਤਾ ਕੈਂਪ ਲਾਵੇ, ਸਰਕਾਰੀ ਨਸ਼ਾ ਛੁਡਾਊ ਕੇਂਦਰ ਖੋਲ੍ਹੇ, ਪੁਲਸ ਦੀ ਜ਼ਿੰਮੇਵਾਰੀ ਤੈਅ ਕਰੇ, ਨਸ਼ੇ ਛੱਡ ਚੁੱਕੇ ਬੇਰੁਜ਼ਗਾਰਾਂ ਨੂੰ ਨੌਕਰੀਆਂ ਜਾ ਹੋਰ ਰੁਜ਼ਗਾਰ ਸਵੈ-ਰੁਜ਼ਗਾਰ ਦਾ ਪ੍ਰਬੰਧ ਕਰੇ। ਜੇਕਰ ਸਰਕਾਰ ਨਹੀਂ ਰੋਕਦੀ ਤਾਂ ਲੋਕ ਅੱਗੇ ਆਉਣ, ਖਾਸਕਰ ਜਿਨ੍ਹਾਂ ਦੇ ਜੁਆਕ ਨਸ਼ਿਆਂ ਤੋਂ ਪੀੜਤ ਹਨ। ਉਹ ਅੱਗੇ ਆ ਕੇ ਆਪਣੇ ਬੱਚਿਆਂ ਨੂੰ ਸਮਝਾਉਣ ਦੇ ਨਾਲ ਨਾਲ ਸਰਕਾਰ ’ਤੇ ਦਬਾਅ ਬਣਾਉਣ। ਜਿਸ ਨਾਲ ਨਸ਼ਿਆਂ ਨੂੰ ਜਲਦੀ ਠੱਲ੍ਹ ਪਵੇ ਤਾਂ ਕਿ ਪੰਜਾਬੀਆਂ ਤੋਂ ਨਸ਼ੇੜੀ ਹੋਣ ਦਾ ਦਾਗ ਲਹਿ ਸਕੇ। ਬੇਸ਼ੱਕ ਸਾਰੇ ਪੰਜਾਬੀ ਨਸ਼ੇੜੀ ਨਹੀਂ ਪਰ ਫਿਰ ਵੀ ਪੰਜਾਬ ਤੋਂ ਬਾਹਰ ਪ੍ਰਭਾਵ ਬੁਰਾ ਜਾਂਦਾ ਹੈ। ਸੋ ਇਸ ਅਲਾਮਤ ਨੂੰ ਜਲਦੀ ਰੋਕਿਆ ਜਾਣਾ ਚਾਹੀਦਾ ਹੈ।

**- ਗੁਰਦਿੱਤ ਸਿੰਘ ਸੇਖੋਂ, 97811-72781**

### ਸਬਜ਼ੀਆਂ ਉਗਾਉਣ ਦੀ ਆਦਤ ਪਾਓ

ਪਿੰਡਾਂ ਵਿੱਚ ਆਮ ਹੀ ਵੇਖਣ ’ਚ ਆਉਂਦਾ ਹੈ ਕਿ ਬਹੁਤੇ ਪੇਂਡੂ ਲੋਕ ਆਪਣੀ ਜ਼ਮੀਨ ਹੋਣ ਦੇ ਬਾਵਜੂਦ ਸਬਜ਼ੀਆਂ ਨਹੀਂ ਉਗਾਉਂਦੇ। ਸਗੋਂ ਮੁੱਲ ਵਿਕਦੀਆਂ ਸਬਜ਼ੀਆਂ ਖਰੀਦਣ ਨੂੰ ਹੀ ਜ਼ਿਆਦਾ ਤਵੱਜੋ ਦਿੰਦੇ ਹਨ। ਪ੍ਰੰਤੂ ਉਹ ਇਹ ਗੱਲ ਹਮੇਸ਼ਾ ਭੁੱਲ ਜਾਂਦੇ ਹਨ ਕਿ, ਬਜ਼ਾਰ ਵਿੱਚ ਉਪਲਬਧ ਸਬਜ਼ੀਆਂ ਵਿੱਚ ਜ਼ਹਿਰਾਂ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਇਸ ਤੋਂ ਇਲਾਵਾ ਮੁੱਲ ਦੀਆ ਸਬਜ਼ੀਆਂ ਖਰੀਦਣ ਸਦਕਾ ਆਰਥਕ ਨੁਕਸਾਨ ਵੀ ਬਹੁਤ ਜ਼ਿਆਦਾ ਹੁੰਦਾ ਹੈ। ਇਸ ਲਈ ਸਾਨੂੰ ਸਭ ਨੂੰ ਅੱਜ ਤੋਂ ਹੀ ਆਪਣੇ ਖੁਦ ਸਬਜ਼ੀਆਂ ਉਗਾਉਣ ਦੀ ਆਦਤ ਪਾਉਣੀ ਚਾਹੀਦੀ ਹੈ ਤਾਂ ਜੋ ਅਸੀਂ ਨਿੱਤ ਦਿਨ ਤਾਜ਼ੀਆ ਜ਼ਹਿਰ ਮੁਕਤ ਸਬਜ਼ੀਆਂ ਖਾ ਕੇ ਤੰਦਰੁਸਤ ਰਹਿ ਕੇ ਬਿਮਾਰੀਆਂ ਤੋਂ ਬਚਾਅ ਕਰ ਸਕੀਏ। ਇਸ ਤਰ੍ਹਾਂ ਕਰਨ ਨਾਲ ਜਿੱਥੇ ਸਾਡਾ ਸਰੀਰ ਅਰੋਗ ਰਹੇਗਾ, ਉਥੇ ਸਾਨੂੰ ਆਰਥਕ ਲਾਭ ਵੀ ਮਿਲੇਗਾ।

**-ਅੰਗਰੇਜ਼ ਸਿੰਘ ਵਿੱਕੀ, 98888-70822**

## Change of Name

I, Balwinder Singh S/o Jagdish Chand R/o Village Panjaur Distt. Hoshiarpur Punjab have changed the name of my daughter from Navjot to Navjot Kaur. Concerned note. (Hitesh

## Court Notice

In the Court of Ms. Vibha Rana, Judicial Magistrate Ist Class, Amritsar.

CNR No. PBAS030175702020

Next Date : 3.5.2023

Subash Chander Sewa Devi through its Partner Randeep Arora S/o Subash Chander, G.T. Road, Nijjarpura, Amritsar.

Complainant

Versus

Top World Furniture House

U/S 138 Negotiable Instruments Act

Notice to : 1. Top World Furniture House through its Prop. Balwinder Singh Near Chowk Umarpura, Jalandhar Road, Batala 2. Balwinder Singh Prop. of Top World Furniture House Near Chowk Umarpura, Jalandhar Road, Batala.

Accused

Whereas complaint/case has been made before me that above said accused has committed (or) suspected to have committed the offence punishable under section 138 of Negotiable Instruments Act and it has been returned to warrant of arrest thereupon issued that the said accused cannot be found and whereas it has been shown to my satisfaction that the said accused has absconded (or is concealing himself to avoid the service of the said warrant)

Proclamation is hereby made that the said accused is required to appear before this Court (or before me) to answer the said complaint on 3/5/2023

For details logon to https://highcourtchd.gov.in/?trs=district_notice&district=amritsar.

Judicial Magistrate Ist Class, Amritsar.

## Court Notice

In the Court of Ms. Gurpreet Kaur Civil Judge Junior Division, Ajnala.

CNR No.PBASA0-000615-2017

Case No. 412/2017

Next Date : 25.5.2023

Kulwant Kaur

Plaintiff

Versus

State of Punjab and other's

Respondent

Notice to : Defendant No. 5

No. 5 Parshant Joshi S/o Lalit Joshi Govt. Contractor, S.A. Agar Nagar, Ludhiana.

In above titled petition the respondent no 5 could not be served. It is ordered that respondent should appear in person or through counsel on 25.5.2023 at 10.00 a.m.

For details logon to https://highcourtchd.gov.in/?trs=district notice& district=Amritsar

Civil Judge Junior Division, Ajnala.

## Court Notice

(U/o 5 Rule 20 CPC)

In the Court of Harpreet Kaur Addl. Civil Judge (Junior Division) Amritsar.

CNR No. PBAS02-000234-2023

Next Date : 01.08.2023

Gurdial Singh

Vs

General Public

Publication issued to : General Public, Unknown

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 01.8.2023 at 10.00 a.m.

For details logon to : https://highcourtchd.gov.in/?trs=district notice &district=Amritsar

Civil Judge (Junior Division) Amritsar

Dated, this day of 26.04.2023

## Change of Name

I,Nitu W/O Vikash Singh R/O 648-D,Adarash Nagar, Islamabad,Amritsar, Punjab have changed my name from Nitu to Neetu.Concerned note.

## Court Notice

In the Court of Sumit Ghai Addl. Distt. and Sessions Judge, Amritsar.

CNR No. PBAS01-019990-2022

Next Date : 24.8.2023

Surinder Devgan

Versus

General Public

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 24.8.2023 at 10.00 a.m.

For details logon to : https://highcourtchd.gov.in/?trs=district notice &district=Amritsar

Addl. Distt. and Sessions Judge, Amritsar.

Dated, this day of 26.4.2023

## Court Notice

In the Court of Ms. Harmeet Kaur Puri Civil Judge (Junior Division)-17, Jalandhar.

CNR No. PBJL02-002127-2021

Next Date : 1.5.2023

Yadwinder Pal Singh Baath aged about 59 years S/o Sh. Balkar Singh S/o Sh. Bhagat Singh R/o H.No. 1068, Urban Estate Phase-1, Jalandhar City.

Versus

Paramjeet Singh S/o Sh. Kuldip Singh S/o Sh. Harbans Singh R/o H.No. 447, Near Peer Di Jagah, Armaan Nagar, Dakoha, Distt. Jalandhar.

Publication issued to : Harjinder Kaur D/o Hansa Singh Vill. Masanian, Distt. Gurdaspur.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 1.5.2023 at 10.00 a.m.

For details logon to : https://highcourtchd.gov.in/?trs=district notice &district=Jalandhar

Civil Judge (Junior Division)-17, Jalandhar

Dated, this day of 26.4.2023

## Court Notice

In the Court of Sh. Amit Malhan Addl. Civil Judge Senior Division-1, Patiala.

CNR No. PBPT02-001614-2021

Next Date : 18.5.2023

**ਟਾਂਡਾ ਉੜਮੁੜ, (ਜਸਵਿੰਦਰ ਸੰਧੂ ,ਉਂਕਾਰ ਸਿੰਘ)**-ਸ੍ਰੀ ਗੁਰੂ ਰਾਮਦਾਸ ਜੀ ਸੇਵਾ-ਸਿਮਰਨ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਜੀ.ਆਰ.ਡੀ ਇੰਸਟੀਚਿਊਟ ਆਫ ਨਰਸਿੰਗ ਕਾਲਜ ਟਾਂਡਾ ਵਿਖੇ ਵਿਸ਼ਵ ਵਿਰਾਸਤ ਦਿਵਸ ਮਨਾਇਆ ਗਿਆ। ਜੀ.ਆਰ.ਡੀ ਸਿੱਖਿਆ ਸੰਸਥਾਵਾਂ ਦੇ ਚੇਅਰਪਰਸਨ ਪਰਦੀਪ ਕੌਰ, ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਮੈਨੇਜਰ ਸਰਬਜੀਤ ਸਿੰਘ ਮੋਮੀ ਤੇ ਪ੍ਰਿੰਸੀਪਲ ਨਵਜੋਤ ਕੌਰ ਦੀ ਅਗਵਾਈ ਵਿੱਚ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਨੇ ਭਾਗ ਲੈਂਦੇ ਹੋਏ ਪੰਜਾਬੀ ਅਤੇ ਭਾਰਤੀ ਵਿਰਾਸਤ ਨੂੰ ਦਰਸਾਉਂਦੇ ਹੋਏ ਪੋਸਟਰ ਤੇ ਸਲੋਗਨ ਤਿਆਰ ਕਰਕੇ ਆਪਣੀ ਵਿਰਾਸਤ ਨਾਲ ਜੁੜਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਸੰਬੋਧਨ ਕਰਦੇ ਹੋਏ ਸੰਸਥਾ ਦੇ ਸਰਬਜੀਤ ਸਿੰਘ ਮੋਮੀ ਤੇ ਪ੍ਰਿੰਸੀਪਲ ਨਵਜੋਤ ਕੌਰ ਨੇ ਵਿਸ਼ਵ ਵਿਰਾਸਤ ਦਿਵਸ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਅਤੇ ਨਰਸਿੰਗ ਦੀਆਂ ਵਿਦਿਆਰਥਣਾਂ ਨੂੰ ਆਪਣੇ ਅਮੀਰ ਪੰਜਾਬੀ ਸੱਭਿਆਚਾਰ ਤੇ ਵਿਰਾਸਤ ਨਾਲ ਜੋੜਨ ਲਈ ਪ੍ਰੇਰਿਤ ਕੀਤਾ। ਪੋਸਟਰ ਤੇ ਸਲੋਗਨ ਮੁਕਾਬਲਿਆਂ ਵਿੱਚ ਜੇਤੂ ਰਹੀਆਂ ਵਿਦਿਆਰਥਣਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਦਲਜਿੰਦਰ ਕੌਰ ,ਰੇਨੂੰ ਸ਼ਰਮਾ, ਮਨਦੀਪ ਕੌਰ, ਗਗਨਦੀਪ ਕੌਰ, ਮਨਪ੍ਰੀਤ ਕੌਰ, ਸਿਮਰਨ ਕੌਰ, ਕਸ਼ਮੀਰ ਕੌਰ, ਜਸਲੀਨ ਕੌਰ, ਰਾਜਵੀਰ ਕੌਰ, ਸੀਮਾ ਜਾਜਾ, ਮੈਡਮ ਪਿੰਕੀ, ਰਜਨੀ ਸੈਣੀ, ਮੈਡਮ ਪਾਇਲ, ਰਜਿੰਦਰ ਕੌਰ, ਨਵਵਪ੍ਰੀਤ ਕੌਰ, ਬਲਜੀਤ ਕੌਰ, ਹਰਦੀਪ ਕੌਰ, ਰਾਜਵਿੰਦਰ ਕੌਰ ਆਦਿ ਵੀ ਮੌਜੂਦ ਸਨ।



## ਪ੍ਰਭ ਆਸਰਾ ਦਾ ਸਪੈਸ਼ਲ ਬੱਚਾ ਕਮਲਪ੍ਰੀਤ ਸਿੰਘ ਬਣਿਆ ਮੈਨ ਆਫ ਦੀ ਮੈਚ




**ਕੁਰਾਲੀ (ਮੋਹਨ ਅੱਗਰਵਾਲ ਜੋਗਾ)**- ਸ਼ਹਿਰ ਦੀ ਹੱਦ ਵਿਚ ਪੈਂਦੇ ਪਿੰਡ ਪਡਿਆਲਾ ਵਿਚ ਨਿਆਸਰੇ ਅਤੇ ਲਾਵਾਰਿਸ ਲੋਕਾਂ ਦੀ ਸੇਵਾ ਸੰਭਾਲ ਕਰ ਰਹੀ ' ਪ੍ਰਭ ਆਸਰਾ ' ਸੰਸਥਾਂ ਦਾ ਸਪੈਸ਼ਲ ਬੱਚਾ (ਕਮਲਪ੍ਰੀਤ ਸਿੰਘ) ਪੰਜਾਬ ਡੈਫ ਐਂਡ ਡੰਬ ਸਪੋਰਟਸ ਐਸੋਸੀਏਸ਼ਨ, ਪਟਿਆਲਾ ਵੱਲੋ ਕਰਵਾਈ ਗਈ ਦੂਜੀ ਪੰਜਾਬ ਡੈਫ ਟੈਨਿਸ ਟੀ -10 ਕ੍ਰਿਕਟ ਚੈਂਪੀਅਨਸ਼ਿਪ ਵਿੱਚ ਮੈਨ ਆਫ ਦਾ ਮੈਚ ਚੁਣਿਆ ਗਿਆ। ਸੰਸਥਾ ਦੇ ਮੁੱਖ ਪ੍ਰਬੰਧਕ ਭਾਈ ਸ਼ਮਸ਼ੇਰ ਸਿੰਘ ਤੇ ਬੀਬੀ ਰਾਜਿੰਦਰ ਕੌਰ ਪਡਿਆਲਾ ਵੱਲੋਂ ਕਮਲਪ੍ਰੀਤ ਸਿੰਘ ਦਾ ਸੰਸਥਾ ਪਹੁੰਚਣ 'ਤੇ ਸਵਾਗਤ ਕੀਤਾ ਗਿਆ ਤੇ ਉਹਨਾਂ ਦੱਸਿਆ ਪਹਿਲਾਂ ਵੀ ਕਮਲਪ੍ਰੀਤ ਸਿੰਘ ਸਭਿਆਚਾਰਕ ਅਤੇ ਖੇਡ ਮੁਕਾਬਲਿਆਂ ਵਿਚ ਹਿੱਸਾ ਲੈਂਦਿਆਂ ਸੋਨੇ ਤੇ ਚਾਂਦੀ ਦੇ ਤਗਮੇ ਜਿੱਤ ਚੁੱਕਾ ਹੈ। ਬੱਚਿਆਂ ਦੇ ਪੁਨਰਵਾਸ ਲਈ ਸੰਸਥਾ ਵੱਲੋਂ ਖੇਡਾਂ, ਪੜ੍ਹਾਈ, ਸਲਾਈ-ਕਢਾਈ ਆਦਿ ਦੇ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।

# ਸੱਤ ਸਾਲ ਬਾਅਦ ਭਟਨੂਰਾ ਵਾਸੀ ਅਜੀਤ ਰਾਮ ਦੀ ਅਪ੍ਰੇਸ਼ਨ ਨਾਲ ਨਜ਼ਰ ਵਾਪਸ ਆਈ

**ਹੁਸ਼ਿਆਰਪੁਰ (ਓ ਪੀ ਰਾਣਾ)**


ਅੱਖਾਂ ਗਈਆਂ ਤਾਂ ਜਹਾਨ ਗਿਆ, ਅੱਖਾਂ ਕੁਦਰਤ ਦਾ ਅਨਮੋਲ ਤੋਹਫਾ ਹਨ,ਇਨਾਂ ਦੀ ਸਾਂਭ ਸੰਭਾਲ ਕਰਨਾ ਬਹੁਤ ਜਰੂਰੀ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ (ਰਜਿ.) ਪੰਜਾਬ ਨੇ ਦੱਸਿਆ ਕਿ ਸੰਤ ਪ੍ਰੀਤਮ ਦਾਸ ਬਾਬੇਜੌੜੇ ਰਸੂਲਪੁਰ ਵਿਖੇ ਅੱਖਾਂ ਦੇ ਸਫਲ ਅਪ੍ਰੇਸ਼ਨ ਕੀਤੇ ਗਏ ਅਤੇ ਵਧੀਆ ਕੁਆਲਟੀ ਦੇ ਲੈਂਜ ਪਾਏ ਗਏ ਹਨ। ਅਜੀਤ ਰਾਮ ਵਾਸੀ ਭਟਨੂਰਾ ਜਿਸ ਦੀ ਪਿਛਲੇ ਸੱਤ ਸਾਲ ਤੋਂ ਨਜਰ ਘਟ ਗਈ ਸੀ ਅਤੇ ਉਹ ਇਕੱਲਾ ਚੱਲਣ ਫਿਰਨ ਤੋਂ ਅਸਮਰੱਥ ਸੀ। ਉਸ ਦੀਆਂ ਅੱਖਾਂ ਦਾ ਸਫਲ ਅਪ੍ਰੇਸ਼ਨ ਹੋਇਆ ਤੇ ਰੋਸ਼ਨੀ ਵਾਪਸ ਆ ਗਈ। ਇਸ ਸਮੇਂ ਸ਼ੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਗੁਰੂ ਰਵਿਦਾਸ ਸਾਧੂ ਸੰਪ੍ਰਦਾਇਕ ਸੁਸਾਇਟੀ ਨੇ ਕਿਹਾ ਦੁਨੀਆ 'ਚ ਤਿੰਨ ਕਰੋੜ 70 ਲੱਖ ਦੇ ਕਰੀਬ ਲੋਕ ਨੇਤਰਹੀਨ ਹਨ ਜਿਨਾਂ ਵਿੱਚੋਂ ਡੇੜ ਕਰੋੜ ਤੋਂ ਵੱਧ ਭਾਰਤ ਵਿੱਚ ਹਨ। ਉਨਾਂ ਕਿਹਾ ਅੱਖਾਂ ਦੀ ਨਿਰੰਤਰ ਜਾਂਚ ਪੜਤਾਲ ਬਹੁਤ ਜਰੂਰੀ ਹੈ। ਜਿਹੜੇ ਲੋਕ ਆਪਣੀਆਂ ਅੱਖਾਂ ਦੀ ਜਾਂਚ ਜਾਂ ਇਲਾਜ ਨਹੀਂ ਕਰਾ ਸਕਦੇ ਉਹ ਸੰਤ ਪ੍ਰੀਤਮ ਦਾਸ ਚੈਰੀਟਬਲ ਹਸਪਤਾਲ ਰਸੂਲਪੁਰ ਵਿਖੇ ਪਹੁੰਚ ਕਰ ਸਕਦੇ ਹਨ। ਉਨਾਂ ਦੱਸਿਆ ਕਿ ਇੰਗਲੈਂਡ ਨਿਵਾਸੀ ਸੋਹਲ ਪਰਵਾਰ, ਸੰਤ ਮਹਿੰਦਰ ਸਿੰਘ,ਬਾਬਾ ਲੱਖਾ ਸਿੰਘ,ਅਜੀਤ ਸਿੰਘ ਆਦਿ ਵਲੋਂ ਇਹ ਸੇਵਾ ਬੜੀ ਸ਼ਰਧਾ ਨਾਲ ਨਿਭਾਈ ਜਾ ਰਹੀ ਹੈ।



# ਰਾਜੋਆਣਾ ਸਮੇਤ ਸਾਰੇ ਬੰਦੀ ਸਿੰਘ ਰਿਹਾਅ ਕੀਤੇ ਜਾਣ : ਵਲਟੋਹਾ

**ਜਲੰਧਰ (ਇਕਬਾਲ ਸਿੰਘ ਉਭੀ)**

ਸਥਾਨਕ ਪ੍ਰੈਸ ਕਲੱਬ ਵਿਖੇ ਸੀਨੀਅਰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਪ੍ਰੋ. ਭੁੱਲਰ ਦੀ ਰਿਹਾਈ ਦੀ ਫਾਈਲ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਟੇਬਲ 'ਤੇ ਪਿਛਲੇ ਡੇਢ ਸਾਲਾਂ ਤੋਂ ਪਈ ਹੈ ਪਰ ਇਹ ਜਾਣ ਬੁੱਝ ਕੇ ਚਾਰ ਵਾਰ ਸਜਾ ਸਮੀਖਿਆ ਬੋਰਡ ਕੋਲ ਭੇਜੀ ਗਈ ਤਾਂ ਜੋ ਪ੍ਰੋ. ਭੁੱਲਰ ਦੀ ਰਿਹਾਈ ਰੋਕੀ ਜਾ ਸਕੇ। ਵਲਟੋਹਾ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਪ੍ਰੋ. ਭੁੱਲਰ ਦੀ ਰਿਹਾਈ ਦੀ ਫਾਈਲ 'ਤੇ ਹਸਤਾਖਰ ਕਰਨ ਵਾਸਤੇ ਦਿੱਲੀ ਦੇ ਮੁੱਖ ਮੰਤਰੀ ਨੂੰ ਮਜਬੂਰ ਕਰ ਦੇਣ। ਉਹਨਾਂ ਕਿਹਾ ਕਿ ਦੁਨੀਆਂ ਭਰ ਦੇ ਸਿੱਖ ਇਸ ਗੱਲ ਤੋਂ ਪ੍ਰੇਸ਼ਾਨ ਹਨ ਕਿ ਪ੍ਰੋ. ਭੁੱਲਰ ਦੀ ਸਿਹਤ ਦਾ ਹਾਲ ਮਾੜਾ ਹੋਣ ਦੇ ਮੱਦੇਨਜਰ ਉਹਨਾਂ ਦੀ ਰਿਹਾਈ ਦੇ ਹੁਕਮ ਦਿੱਤੇ ਜਾਣ ਦੇ ਬਾਵਜੂਦ ਵੀ ਉਹਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਹਨਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਾਤਲਾਂ ਨੂੰ ਤਾਂ ਰਿਹਾਅ ਕਰ ਦਿੱਤਾ ਗਿਆ ਹੈ ਪਰ ਜਿਹੜੇ ਬੰਦੀ ਸਿੰਘਾਂ ਨੇ ਉਮਰ ਕੈਦ ਨਾਲੋਂ ਦੁੱਗਣੀਆਂ ਸਜਾਵਾਂ ਕੱਟ ਲਈਆਂ ਹਨ ਤੇ ਪਿਛਲੇ 28 ਤੋਂ 30 ਸਾਲਾਂ ਤੋਂ ਜੇਲ੍ਹ ਵਿਚ ਬੰਦ ਹਨ, ਉਹਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ । ਵਲਟੋਹਾ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਵਿਚ ਦੇਰੀ ਵਾਸਤੇ ਭਾਜਪਾ ਨੂੰ ਵੀ ਕਰੜੇ ਹੱਥੀਂ ਲਿਆ ਤੇ ਕਿਹਾ ਕਿ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਆਖਿਆ ਹੈ ਕਿ ਉਹ ਭਾਈ ਰਾਜੋਆਣਾ ਦੀ ਰਿਹਾਈ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਅਰਜੀ 'ਤੇ ਫੈਸਲਾ ਲਵੇ ਪਰ ਇਸਦੇ ਬਾਵਜੂਦ ਕੇਂਦਰ ਸਰਕਾਰ ਇਸ ਮਾਮਲੇ 'ਤੇ ਆਪਣੇ ਪੈਰ ਪਿੱਛੇ ਖਿੱਚ ਰਹੀ ਹੈ। ਅਕਾਲੀ ਆਗੂ ਨੇ ਹੈਰਾਨੀ ਪ੍ਰਗਟ ਕੀਤੀ ਕਿ ਭਾਈ ਰਾਜੋਆਣਾ ਸਮੇਤ ਬੰਦੀ ਸਿੰਘ ਕਿਉਂ ਰਿਹਾਅ ਨਹੀਂ ਕੀਤੇ ਜਾ ਰਹੇ ਜਦੋਂ ਕਿ ਕੇਂਦਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਉਹਨਾਂ ਦੀ ਰਿਹਾਈ ਦੇ ਫਾਰਮਾਂ 'ਤੇ ਹਸਤਾਖਰ ਕੀਤੇ ਹਨ। ਉਹਨਾਂ ਕਿਹਾ ਕਿ ਹੋਰ ਭਾਜਪਾ ਆਗੂਆਂ ਨੇ ਵੀ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ 25 ਲੱਖ ਲੋਕਾਂ ਵੱਲੋਂ ਭਰੇ ਫਾਰਮਾਂ ਵਿਚ ਹੀ ਫਾਰਮ ਭਰੇ ਹਨ। ਉਹਨਾਂ ਕਿਹਾ ਕਿ ਭਾਜਪਾ ਨੂੰ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਤੇ ਸਾਰੇ ਬੰਦੀ ਸਿੰਘਾਂ ਨੂੰ 2019 ਵਿਚ ਕੀਤੇ ਵਾਅਦੇ ਮੁਤਾਬਕ ਰਿਹਾਅ ਕਰਨਾ ਚਾਹੀਦਾ ਹੈ। ਇਸ ਮੌਕੇ ਸੀਨੀਅਰ ਅਕਾਲੀ ਆਗੂ ਕਰਨੈਲ ਸਿੰਘ ਪੀਰਮੁਹੰਮਦ ਸਮੇਤ ਹੋਰ ਅਕਾਲੀ ਆਗੂ ਹਾਜਰ ਸਨ।




## ਗਰੀਬ ਤੇ ਬੇਸਹਾਰਾ ਪਰਵਾਰਾਂ ਨੂੰ ਉੱਚਾ ਚੁੱਕਣਾ ਮਿਸ਼ਨ ਦਾ ਮੁੱਖ ਮਕਸਦ : ਸੁਰਜੀਤ ਬੀਟਾ



**ਬਿਲਗਾ (ਵਿਜੇ ਕੁਮਾਰ)**—ਮਾਨਵਤਾ ਦੇ ਭਲੇ ਲਈ ਕਾਫੀ ਲੰਬੇ ਸਮੇਂ ਤੋਂ ਸਮਾਜ ਭਲਾਈ ਦੇ ਖੇਤਰ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਮਿਸ਼ਨ ਫੂਡ ਅਨਾਥ ਡਿਵੈਲਪਮੈਂਟ ਐਂਡ ਵੈਲਫੇਅਰ ਸੋਸਾਇਟੀ ਪੰਜਾਬ ਵਲੋਂ ਨਗਰ ਬਿਲਗਾ ਵਿਖੇ ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਰਾਸ਼ਨ ਕਿੱਟਾਂ ਵੰਡਿਆਂ ਗਈਆਂ। ਰਵਿੰਦਰ ਦੀ ਰਹਿਨੁਮਾਈ ਹੇਠ ਚੱਲ ਰਹੇ ਸਮਾਜ ਭਲਾਈ ਦੇ ਇਸ ਕਾਰਜ ਮੌਕੇ ਪ੍ਰਧਾਨ ਸੁਰਜੀਤ ਬੀਟਾ ਨੇ ਗਰੀਬ ਅਤੇ ਬੇਸਹਾਰਾ ਪਰਵਾਰਾਂ ਨੂੰ ਉੱਚਾ ਚੁੱਕਣ ਦਾ ਹਰ ਤਰ੍ਹਾਂ ਦਾ ਹੀਲਾ ਵਸੀਲਾ ਕਰਨ ਦਾ ਭਰੋਸਾ ਦਿਵਾਇਆ। 180 ਦੇ ਕਰੀਬ ਵਿਧਵਾ ਤੇ ਬੇਸਹਾਰਾ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਦੇ ਕੇ ਸਹਿਯੋਗ ਕੀਤਾ ਗਿਆ। ਇਸ ਮੌਕੇ ਮੈਨੇਜਰ ਹਰਚਰਨ ਸਿੰਘ ਬਾਵਾ, ਤਰਸੇਮ ਲਾਂਦੜਾ, ਡਾਕਟਰ ਗੁਰਚਰਨ ਭਾਟੀਆ, ਪਰਮਜੀਤ ਸੱਭਰਵਾਲ ਅੱਪਰਾ,ਮਨਪ੍ਰੀਤ, ਅਨਮੋਲ ਨਾਗਪਾਲ, ਅਮਰਜੀਤ ਕਟਾਰੀਆ ਰੁੜਕੀ,ਬਲਦੇਵ ਕ੍ਰਿਸ਼ਨ, ਮਲਕੀਤ ਬਿੱਟੂ, ਅਤੇ ਪਵਨ ਨਾਗਪਾਲ ਅਤੇ ਇਲਾਕਾ ਭਰ ਦੇ ਸਮਾਜ ਸੇਵੀ ਹਾਜਰ ਸਨ।

# ਚੌਧਰੀ ਨਰ ਸਿੰਘ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ

**ਮੋਰਿੰਡਾ ( ਜੈਜੀ ਸਰਦਾਰ )**

ਉੱਘੇ ਸਮਾਜ ਸੇਵੀ ਸ਼ਖਸੀਅਤ ਅਤੇ ਸੀਨੀਅਰ ਕਾਂਗਰਸੀ ਆਗੂ ਚੌਧਰੀ ਨਰ ਸਿੰਘ ਇੱਕ ਸਮਾਜ ਸੇਵਕ ਸਨ ਅਤੇ ਕੋਆਪ੍ਰੇਟਿਵ ਸੋਸਾਇਟੀ ਦੇ ਪ੍ਰਧਾਨ ਅਤੇ ਗੁੱਗਾ ਮਾੜੀ ਮੋਰਿੰਡਾ ਦੇ ਪ੍ਰਧਾਨ ਤੋਂ ਇਲਾਵਾ ਬਹੁਤ ਸਾਰੀਆਂ ਸਮਾਜ ਸੇਵੀ ਜਥੇਬੰਦੀਆਂ ਲਈ ਕੰਮ ਕਰਦੇ ਸਨ। ਉਨ੍ਹਾਂ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਵੱਖ ਵੱਖ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਆਗੂਆਂ ਨੇ ਸਰਧਾ ਦੇ ਫੁੱਲ ਭੇਟ ਕੀਤੇ, ਜਿਹਨਾਂ ਵਿੱਚ ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ , ਵਿਜੇ ਸ਼ਰਮਾ ਟਿੰਕੂ ਹਲਕਾ ਇੰਚਾਰਜ ਖਰੜ, ਜਗਮੋਹਨ ਸਿੰਘ ਕੰਗ,ਦਰਸ਼ਨ ਸਿੰਘ ਸਿਵਜੋਤ ਭਾਜਪਾ ਆਗੂ,ਦਲਜੀਤ ਸਿੰਘ ਚਲਾਕੀ ਕਿਸਾਨ ਯੂਨੀਅਨ ਆਗੂ,ਸੁਖਵਿੰਦਰ ਸਿੰਘ ਮੁੰਡੀਆ ਉਪ ਚੇਅਰਮੈਨ ਸ਼ੂਗਰ ਮਿੱਲ, ਰੁਪਿੰਦਰ ਸਿੰਘ ਭਿਚਰਾ ਨੰਬਰਦਾਰ,ਬੰਤ ਸਿੰਘ ਕਲਾਰਾ ,ਰਾਣਾ ਕੁਸਲਪਾਲ ਖਿਜਰਾਬਾਦ,ਕੁਲਦੀਪ ਸਿੰਘ ਓਇੰਦ ਪੀ ਏ ਵਿਜੇ ਸ਼ਰਮਾ ਟਿੰਕੂ ,ਰਾਜਪ੍ਰੀਤ ਸਿੰਘ ਐਮ ਸੀ,ਸੰਗਤ ਸਿੰਘ ਭਾਮੀਆ ਐਮ ਸੀ,ਜਤਿੰਦਰ ਸਿੰਘ ਬਿੱਲੂ ਕਲਾਰਾ,ਰਜੇਸ਼ ਕੁਮਾਰ ਸਸੋਦੀਆ ਐਮ ਸੀ,ਰਜੇਸ਼ ਸੂਦ ਆੜ੍ਹਤੀ,ਜਗਦੇਵ ਸਿੰਘ ਬਿੱਟੂ ਐਮ ਸੀ ,ਭੂਸ਼ਣ ਰਾਣਾ ਆਪ ਆਗੂ,ਗੁਰਮੀਤ ਸਿੰਘ ਕੰਗ,ਰਾਣਾ ਪ੍ਰਤਾਪ ਸਿੰਘ,ਗੁਰਮੀਤ ਸਿੰਘ ਕੰਗ,ਹਰਜੀਤ ਸਿੰਘ ਸੌਢੀ ਐਮ ਸੀ, ਸੰਦੀਪ ਕੁਮਾਰ ਸੋਨੂੰ, ਜਗਦੀਪ ਸਿੰਘ ਸੰਗਤਪੁਰਾ ਸਰਕਲ ਪ੍ਰਧਾਨ ਭਾਜਪਾ ਸ਼੍ਰੀ ਚਮਕੌਰ ਸਾਹਿਬ,ਅਵਤਾਰ ਸਿੰਘ ਸੱਖੋਮਾਜਰਾ,ਗੁਰਮੀਤ ਸਿੰਘ ਐਮ ਸੀ,ਬਲਵਿੰਦਰ ਸਿੰਘ ਬਿੱਲਾ ਸਾਬਕਾ ਪ੍ਰਧਾਨ ਨਗਰ ਕੌਂਸਲ ਮੋਰਿੰਡਾ,ਜਰਨੈਲ ਸਿੰਘ ਆੜ੍ਹਤੀ,ਯੁਵਰਾਜ ਚੌਧਰੀ,ਮਨਤੇਜ ਸਿੰਘ,ਜਗਨਨਾਥ ਮਾਛੀਵਾੜਾ,ਹਰਨੇਕ ਸਿੰਘ ਕਲਾਰਾ ਆਦਿ ਸ਼ਾਮਲ ਸਨ।



# ਸਾਂਝੇ ਫਰੰਟ ਵੱਲੋਂ 30 ਨੂੰ ਕੀਤੇ ਜਾਣ ਵਾਲੇ ਝੰਡਾ ਮਾਰਚ ਦੀਆਂ ਤਿਆਰੀਆਂ ਮੁਕੰਮਲ

**ਜਲੰਧਰ (ਰਾਜੇਸ਼ ਥਾਪਾ)**

ਪੰਜਾਬ-ਯੂ. ਟੀ.ਮੁਲਾਜਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਲੋਕ ਸਭਾ ਜਲੰਧਰ ਦੀ ਹੋ ਰਹੀ ਜ਼ਿਮਨੀ ਚੋਣ ਸਮੇਂ 30 ਅਪ੍ਰੈਲ ਨੂੰ ਨਕੋਦਰ ਵਿਖੇ ਅਤੇ 07 ਮਈ ਨੂੰ ਜਲੰਧਰ ਸ਼ਹਿਰ ਵਿਖੇ ਝੰਡਾ ਮਾਰਚ ਕੀਤਾ ਜਾ ਰਿਹਾ ਹੈ। ਇਸ ਝੰਡੇ ਮਾਰਚ ਦੀਆਂ ਤਿਆਰੀਆਂ ਲਈ ਸਾਂਝੇ ਫਰੰਟ ਦੀ ਜ਼ਿਲ੍ਹਾ ਜਲੰਧਰ ਦੀ ਮੀਟਿੰਗ ਕੀਤੀ ਗਈ। ਮੀਟਿੰਗ ਇਸ ਸਾਂਝੇ ਫਰੰਟ ਦੇ ਪ੍ਰੋਗਰਾਮ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ-ਯੂ.ਟੀ ਮੁਲਾਜਮ ਤੇ ਪੈਂਨਸਨਰ ਸਾਂਝਾ ਫਰੰਟ ਦੇ ਸੂਬਾਈ ਆਗੂਆਂ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਵਲੋਂ ਮੁਲਾਜ਼ਮ ਆਗੂਆਂ ਨੂੰ ਗੱਲਬਾਤ ਕਰਨ ਦਾ ਸਮਾਂ ਦੇ ਕੇ ਵਾਰ-ਵਾਰ ਗੱਲਬਾਤ ਕਰਨ ਤੋਂ ਭੱਜਣ ਕਾਰਨ ਪੰਜਾਬ ਸਰਕਾਰ ਦੀ ਵਾਇਦਾ ਖਿਲਾਫੀ ਵਿਰੁੱਧ ਪੰਜਾਬ ਦੇ ਮੁਲਾਜਮ ਅੰਦਰ ਗੁੱਸਾ ਪਾਇਆ ਜਾ ਰਿਹਾ ਹੈ। ਜ਼ਿਮਨੀ ਚੋਣ ਸਮੇਂ 30 ਅਪ੍ਰੈਲ ਨੂੰ ਨਕੋਦਰ ਅਤੇ 7 ਮਈ ਨੂੰ ਜਲੰਧਰ ਵਿਖੇ ਝੰਡਾ ਮਾਰਚ ਸਮੇਂ ਪੰਜਾਬ ਸਰਕਾਰ ਵੱਲੋਂ ਮੁਲਾਜਮ ਮੰਗਾਂ ਪ੍ਰਤੀ ਅਪਣਾਈ ਜਾ ਰਹੀ ਨਕਾਰਾਤਮਕ ਪਹੁੰਚ ਨੂੰ ਲੋਕਾਂ ਵਿੱਚ ਨੰਗਾ ਕੀਤਾ ਜਾਵੇਗਾ । ਝੰਡਾ ਮਾਰਚ ਗੁਰੂ ਨਾਨਕ ਕਾਲਜ ਤੋਂ ਸਵੇਰੇ 10:30 ਵਜੇ ਤੁਰ ਕੇ ਜਲੰਧਰ ਬਾਈਪਾਸ ਰਾਹੀਂ ਨਕੋਦਰ ਬੱਸ ਅੱਡਾ, ਨਕੋਦਰ ਬੱਸ ਅੱਡੇ ਤੋਂ ਨੂਰਮਹਿਲ ਰੋਡ ਰਾਹੀਂ ਰੇੜਵਾਂ, ਮਾਹੂੰਵਾਲ, ਬੀਰ ਪਿੰਡ, ਲਿੱਤਰਾਂ, ਸ਼ੰਕਰ, ਸੰਕਰ ਅੱਡੇ ਵਿੱਚੋਂ ਪੁਰੇਵਾਲ ਪੈਲਸ ਵੱਲ ਦੀ ਹੁੰਦੇ ਹੋਏ ਪੂਰੇ ਪਿੰਡ ਦਾ ਉਪਰ ਦਾ ਗੇੜਾ, ਸ਼ਰੀਂਹ, ਭੰਡਾਲ ਤੋਂ ਨੂਰਮਹਿਲ ਵਿਖੇ ਸਮਾਪਤੀ ਕੀਤੀ ਜਾਵੇਗੀ।

ਮੀਟਿੰਗ ਵਿਚ ਸੁਰਿੰਦਰ ਪੁਆਰੀ, ਨਵਪ੍ਰੀਤ ਸਿੰਘ ਬੱਲੀ, ਤੀਰਥ ਸਿੰਘ ਬਾਸੀ, ਕਰਨੈਲ ਫਿਲੌਰ, ਹਰਿੰਦਰ ਦੁਸਾਂਝ, ਪਿਆਰਾ ਸਿੰਘ, ਕੁਲਦੀਪ ਵਾਲੀਆ, ਠੇਰੂ ਰਾਮ, ਕੁਲਦੀਪ ਸਿੰਘ ਬਾਹਮਣੀਆਂ, ਹਰਿੰਦਰਜੀਤ ਸਿੰਘ, ਹਰਿੰਦਰ ਸਿੰਘ ਚੀਮਾ, ਨਿਰਮੋਲਕ ਸਿੰਘ ਹੀਰਾ, ਬਲਜੀਤ ਸਿੰਘ ਕਲਾਰ, ਅਮਨਦੀਪ ਬਾਗਪੁਰ, ਕੁਲਵਿੰਦਰ ਸਿੰਘ ਜੋਸਨ, ਕੰਵਲਜੀਤ ਸੰਗੋਵਾਲ, ਮਨਦੀਪ ਕੌਰ, ਕਮਲਜੀਤ ਸਿੰਘ ਬਜੂਹਾ ਜਸਪਾਲ ਸੰਧੂ, ਕੁਲਦੀਪ ਰਾਣਾ, ਹਰਸਿਮਰਨ ਸਿੰਘ ਆਦਿ ਆਗੂ ਹਾਜਰ ਸਨ।




## ਬਾਦਲ ਦੇ ਦੇਹਾਂਤ 'ਤੇ ਸੇਖੋਂ ਵੱਲੋਂ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ (ਗੁਰਜੀਤ ਬਿੱਲਾ)** - ਸੀ.ਪੀ.ਆਈ.(ਐਮ) ਦੀ ਪੰਜਾਬ ਰਾਜ ਕਮੇਟੀ ਵਲੋਂ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਸੂਬਾ ਸਕੱਤਰ ਨੇ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸੁਖਬੀਰ ਸਿੰਘ ਬਾਦਲ ਅਤੇ ਸੋਗਗ੍ਰਸਤ ਪਰਵਾਰ ਨਾਲ ਗਹਿਰੀ ਸੰਵੇਦਨਾ ਪ੍ਰਗਟ ਕੀਤੀ। ਕਾਮਰੇਡ ਸੇਖੋਂ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਇੱਕ ਉਘੇ ਸਿਆਸਤਦਾਨ ਸਨ ਜੋ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਬਣੇ ਅਤੇ ਕੇਂਦਰ ਦੀ ਸਰਕਾਰ ਵਿੱਚ ਵੀ ਮੰਤਰੀ ਰਹੇ। ਇਹ ਸੁਭਾਵਿਕ ਹੈ ਕਿ ਉਨ੍ਹਾਂ ਦਾ ਸਦੀਵੀ ਵਿਛੋੜਾ ਸੂਬੇ ਦੇ ਲੋਕਾਂ ਲਈ ਦੁੱਖਦਾਇਕ ਹੈ। ਕਾਮਰੇਡ ਸੇਖੋਂ ਨੇ ਕਿਹਾ ਕਿ ਮੈਂ ਅਤੇ ਪੂਰਾ ਸੂਬਾ ਸਕੱਤਰੇਤ ਇਸ ਦੁੱਖ ਦੀ ਘੜੀ ਵਿੱਚ ਬਾਦਲ ਪਰਵਾਰ ਨਾਲ ਦੁੱਖ ਸਾਂਝਾ ਕਰਦੇ ਹਾਂ ਅਤੇ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਾਂ।

## ਸੁਸਾਇਟੀ ਨੇ ਅੱਖਾਂ ਦਾਨ ਕਰਨ ਲਈ ਪ੍ਰੇਰਿਆ

**ਜਲੰਧਰ- (ਇਕਬਾਲ ਸਿੰਘ ਉਭੀ)**- ਸਮਾਜ ਸੇਵੀ ਸੰਸਥਾ ਰੋਟਰੀ ਆਈ ਬੈਂਕ ਅਤੇ ਕਾਰਨੀਆ ਟ੍ਰਾਂਸਪਲਾਂਟੇਸ਼ਨ ਸੁਸਾਇਟੀ ਹੁਸ਼ਿਆਰਪੁਰ, ਜੋ ਲੋਕਾਂ ਨੂੰ ਮਰਨ ਉਪਰੰਤ ਅੱਖਾਂ ਦਾਨ ਕਰਨ ਲਈ ਪ੍ਰੇਰਿਤ ਕਰਦੀ ਹੈ ਅਤੇ ਦਾਨ ਮਿਲੀਆਂ ਅੱਖਾਂ, ਕਾਰਨੀਆਂ ਅੰਧੇਪਣ ਤੋਂ ਪੀੜਤ ਵਿਅਕਤੀਆਂ ਨੂੰ ਬਿਨਾਂ ਕਿਸੇ ਅਪ੍ਰੇਸ਼ਨ ਦੇ ਖਰਚੇ ਤੋਂ ਉਹਨਾਂ ਦੇ ਅੰਧੇਰੇ ਸੰਸਾਰ ਨੂੰ ਰੋਸ਼ਨ ਕਰਵਾਉਂਦੀ ਹੈ। ਪੱਤਰਕਾਰ ਵਾਰਤਾ ਦੌਰਾਨ ਸੰਸਥਾ ਦੇ ਚੇਅਰਮੈਨ ਜੇ ਬੀ ਬਹਲ ਨੇ ਦੱਸਿਆ ਕਿ ਹੁਣ ਤੱਕ 3800 ਤੋਂ ਵੱਧ ਲੋਕਾਂ ਨੂੰ ਜਿਹਨਾਂ ਵਿੱਚ 400 ਦੇ ਲਗਪਗ 6 ਮਹੀਨੇ ਤੋਂ 20 ਸਾਲ ਤੱਕ ਦੀ ਉਮਰ ਵਾਲੇ ਹਨ ਰੋਸ਼ਨੀ ਦਿੱਤੀ ਜਾ ਚੁੱਕੀ ਹੈ। ਇਸ ਸਮਾਜ ਸੇਵਾ ਦੇ ਕੰਮ ਵਿੱਚ ਸ਼ੰਕਰਾ ਆਈ ਹਸਪਤਾਲ ਲੁਧਿਆਣਾ, ਟ੍ਰਾਈਸਿਟੀ ਆਈ ਹਸਪਤਾਲ ਖਰੜ, ਡਾ. ਸ਼ਿਰਾਫ ਆਈ ਹਸਪਤਾਲ ਦਿੱਲੀ, ਰਾਮ ਮਨੋਹਰ ਲੋਹੀਆ ਹਸਪਤਾਲ ਦਿੱਲੀ, ਗੁਰੂ ਨਾਨਕ ਮੈਡੀਕਲ ਹਸਪਤਾਲ ਦਿੱਲੀ ਦਾ ਭਰਪੂਰ ਸਹਿਯੋਗ ਮਿਲ ਰਿਹਾ ਹੈ।

# ਝੁੱਗੀਆਂ-ਝੌਂਪੜੀਆਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਹੁਸ਼ਿਆਰਪੁਰ ਦੇ ਪਿੰਡ ਅੱਜੋਵਾਲ ਵਿਖੇ ਸਥਿਤ ਪ੍ਰੀਤ ਨਗਰ ਵਿਖੇ ਗਰੀਬੀ ਰੇਖਾ ਤੋਂ ਹੇਠਾਂ ਝੁੱਗੀਆਂ ਝੌਂਪੜੀਆਂ 'ਚ ਰਹਿ ਰਹੇ ਲੋਕਾਂ ਦੇ ਜੀਵਨ ਪੱਧਰ ਉੱਚਾ ਚੁੱਕਣ ਲਈ ਸੇਵਾਵਾਂ ਨਿਭਾ ਰਹੀ ਉਘੀ ਸਮਾਜ ਸੇਵੀ ਸੰਸਥਾ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰਸਟ ਵੱਲੋਂ ਇਥੇ ਰਹਿ ਰਹੇ ਪਰਵਾਰਾਂ ਦੇ ਬੱਚਿਆਂ ਨੂੰ ਵਿੱਦਿਆ ਪ੍ਰਾਪਤ ਕਰਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਕਿ ਇਹ ਲੋਕ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਵਿੱਦਿਆ ਹਾਸਲ ਕਰਵਾ ਕੇ ਅੱਗੇ ਵਧ ਸਕਣ। ਟਰਸਟ ਵੱਲੋਂ ਇਥੇ ਸਥਿਤ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਨੂੰ ਪਿਛਲੇ ਸਮੇਂ ਤੋਂ ਗੋਦ ਲੈ ਕੇ ਸਕੂਲ 'ਚ ਇਮਾਰਤ ਦੀ ਉਸਾਰੀ, ਲੋੜੀਂਦਾ ਫਰਨੀਚਰ ਆਦਿ ਅਤੇ ਸਮੇਂ ਸਮੇਂ ਇਥੋਂ ਦੇ ਵਿਦਿਆਰਥੀਆਂ ਨੂੰ ਸਹੂਲਤਾਂ ਪ੍ਰਦਾਨ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਕੂਲ ਦੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਜਿਨ੍ਹਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਇਮਤਿਹਾਨਾਂ 'ਚ ਅੱਵਲ ਦਰਜੇ ਹਾਸਲ ਕੀਤੇ ਹਨ, ਨੂੰ ਸਨਮਾਨਤ ਕਰਨ ਲਈ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਟਰਸਟ ਦੇ ਚੇਅਰਮੈਨ ਅਤੇ ਉਘੇ ਸਮਾਜ ਸੇਵੀ ਇੰਗਲੈਂਡ ਨਿਵਾਸੀ ਰਣਜੀਤ ਸਿੰਘ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਪੰਜਵੀਂ ਸਮਾਜ ਦੀਆਂ ਹੋਣਹਾਰ ਵਿਦਿਆਰਥਣਾਂ ਸੋਨੀਆ, ਮੁਸਕਾਨ ਅਤੇ ਪ੍ਰੀਤੀ ਨੂੰ ਸਨਮਾਨ ਚਿੰਨ੍ਹ ਅਤੇ ਵਿੱਦਿਅਕ ਸਮੱਗਰੀ ਦੇ ਸੈਟ ਭੇਟ ਕੀਤੇ ਗਏ। ਟਰਸਟ ਦੇ ਪ੍ਰਧਾਨ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਨੇ ਹੋਣਹਾਰ ਵਿਦਿਆਰਥਣਾਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਮੁਬਾਰਕਬਾਦ ਦਿੱਤੀ। ਇਥੋਂ ਦੇ ਬੱਚਿਆਂ ਨੂੰ ਸਰਕਾਰੀ ਪੋਲੀਟੈਕਨਿਕ ਕਾਲਜ ਹੁਸ਼ਿਆਰਪੁਰ, ਆਈ.ਟੀ. ਆਈ. ਅਤੇ ਸਕਿੱਲ ਡਿਵੈਲਪਮੈਂਟ ਕੋਰਸਾਂ ਵਿੱਚ ਦਾਖਲਾ ਦਿਵਾਇਆ ਗਿਆ ਹੈ। ਸਰਕਾਰ ਵੱਲੋਂ ਪ੍ਰਧਾਨ ਮੰਤਰੀ ਅਵਾਸ ਯੋਜਨਾ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਪੱਕੇ ਘਰਾਂ ਦੀ ਉਸਾਰੀ ਅਤੇ ਸਵੱਛ ਭਾਰਤ ਮੁਹਿੰਮ ਤਹਿਤ ਪਖਾਨਿਆਂ ਦੀ ਉਸਾਰੀ ਕਰਵਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਇਸ ਸਲੱਮ ਖੇਤਰ ਨੂੰ ਵਿੱਦਿਆ ਪੱਖੋਂ ਦੇਸ਼ ਦਾ ਮਾਡਲ ਖੇਤਰ ਬਣਾਇਆ ਜਾਵੇਗਾ। ਇਥੋਂ ਦੇ ਵਿਦਿਆਰਥੀਆਂ ਨੂੰ ਨਵੋਦਿਆ ਵਿਦਿਆਲਿਆ ਵਿੱਚ ਦਾਖਲ ਕਰਵਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਥੋਂ ਦੇ ਵਸਨੀਕਾਂ ਦੇ ਬੱਚੇ ਆਪਣੀ ਸਕੂਲੀ ਪੜ੍ਹਾਈ ਛੱਡ ਦਿੰਦੇ ਸਨ, ਇਨ੍ਹਾਂ ਲਈ ਵੀ ਵਿਸ਼ੇਸ਼ ਜਾਗਰੂਕਤਾ ਸੈਮੀਨਾਰਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਸਕੂਲ ਦੀ ਪ੍ਰਿੰਸੀਪਲ ਅਵਨਿੰਦਰ ਕੌਰ ਨੇ ਟਰਸਟ ਵੱਲੋਂ ਕੀਤੇ ਜਾ ਰਹੇ ਕਾਰਜਾਂ ਲਈ ਟਰਸਟ ਦੇ ਅਹੁਦੇਦਾਰਾਂ ਅਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਟਰਸਟ ਵੱਲੋਂ ਪ੍ਰਿੰਸੀਪਲ ਅਵਨਿੰਦਰ ਕੌਰ ਅਤੇ ਕਲਾਸ ਇੰਚਾਰਜ ਸ਼ਸ਼ੀ ਬਾਲਾ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜਤਿੰਦਰ ਕੌਰ, ਸੰਤੋਸ਼ ਸੈਣੀ, ਗੁਰਪ੍ਰੀਤ ਸਿੰਘ, ਐਡਵੋਕੇਟ ਜਸਪਾਲ ਸਿੰਘ, ਵਰਿੰਦਰ ਸਿੰਘ ਪਰਹਾਰ, ਕਿਸਾਨ ਆਗੂ ਓਂਕਾਰ ਸਿੰਘ ਧਾਮੀ, ਡਾ. ਐਚ ਐਸ ਸੈਣੀ, ਨਿਰਮਲ ਸਿੰਘ, ਸਕੂਲ ਦਾ ਸਮੂਹ ਸਟਾਫ਼ ਅਤੇ ਇਲਾਕੇ ਦੇ ਪਤਵੰਤੇ ਸੱਜਣ ਵੀ ਹਾਜ਼ਰ ਸਨ।

## ਬਾਦਲ ਦਾ ਦੇਹਾਂਤ ਪੰਜਾਬ ਤੇ ਪੰਜਾਬੀਅਤ ਲਈ ਨਾ ਪੂਰਾ ਹੋਣ ਵਾਲਾ ਘਾਟਾ : ਵਡਾਲਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** – ਪ੍ਰਕਾਸ਼ ਸਿੰਘ ਬਾਦਲ ਦਾ ਦੇਹਾਂਤ ਪੰਜਾਬ ਅਤੇ ਪੰਜਾਬੀਅਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇਹ ਸ਼ਬਦ ਸ਼੍ਰੋਮਣੀ ਅਕਾਲੀ ਦਲ ਨਕੋਦਰ ਦੇ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਕਹੇ। ਉਨ੍ਹਾਂ ਕਿਹਾ ਕਿ ਇਸ ਸ਼ਖਸੀਅਤ ਨੂੰ ਦੁਨੀਆ ਹਮੇਸ਼ਾ ਯਾਦ ਰੱਖੇਗੀ। ਉਹ ਸਵਰਗਵਾਸੀ ਜਥੇਦਾਰ ਕੁਲਦੀਪ ਸਿੰਘ ਵਡਾਲਾ ਦੇ ਨੇੜਲੇ ਅਤੇ ਪਿਆਰੇ ਸਾਥੀ ਸਨ। ਆਪਣੇ ਪਰਵਾਰ ਵਾਸਤੇ ਕੀਤੀ ਹੋਈ ਕਮਾਈ ਤੇ ਉਹਨਾਂ ਦੀ ਜਿੰਦਗੀ ਦੀ ਘਾਲਣਾ ਸਾਰਿਆਂ ਵਾਸਤੇ ਚਾਨਣ ਮੁਨਾਰਾ ਹੈ। ਉਹਨਾਂ ਦਾ ਵਿਛੋੜਾ ਬਹੁਤ ਵੱਡਾ ਖਲਾਅ ਛੱਡ ਕੇ ਗਿਆ ਹੈ ਜਿਸ ਨੂੰ ਭਰਨਾ ਬਹੁਤ ਮੁਸ਼ਕਿਲ ਹੋਵੇਗਾ। ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਸੰਗਤਾਂ ਵਲੋਂ ਅਰਦਾਸਾਂ ਹਨ ਕਿ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਪਰਵਾਰ ਨੂੰ ਇਸ ਭਾਣੇ ਨੂੰ ਸਹਿਣ ਵਾਸਤੇ ਬੱਲ ਬਖਸ਼ਣ।

## ਬਰਸਟ ਨੇ ਵਪਾਰ ਮੰਡਲ ਤੇ ਕਸ਼ਯਪ ਰਾਜਪੂਤ ਸਭਾ ਨਾਲ ਕੀਤੀਆਂ ਮੀਟਿੰਗਾਂ

**ਜਲੰਧਰ (ਸ਼ੈਲੀ, ਸੁਰਿੰਦਰ)**

ਲੋਕ-ਸਭਾ ਚੋਣ ਦਫਤਰ ਜਲੰਧਰ ਵਿਖੇ ਆਪ ਪੰਜਾਬ ਦੇ ਜਰਨਲ ਸਕੱਤਰ ਹਰਚੰਦ ਸਿੰਘ ਬਰਸਟ ਦੀ ਅਗਵਾਈ ਵਿਚ ਵਪਾਰ ਮੰਡਲ ਪੰਜਾਬ ਦੀ ਮੀਟਿੰਗ ਰੱਖੀ ਗਈ ਜਿਸ ਵਿਚ ਵਪਾਰ ਮੰਡਲ ਦੇ ਸਾਰੇ ਅਹੁਦੇਦਾਰ ਅਤੇ ਜ਼ਿਲ੍ਹਾ ਪ੍ਰਧਾਨ ਹਾਜਰ ਰਹੇ। ਇਸ ਮੀਟਿੰਗ ਵਿੱਚ ਆਗਾਮੀ ਚੋਣਾਂ ਦੌਰਾਨ ਆਪਣਾ ਪੂਰਾ ਯੋਗਦਾਨ ਪਾਉਣ, ਲੋਕਾਂ ਅਤੇ ਵਪਾਰੀ ਭਾਈਚਾਰੇ ਨੂੰ ਵੱਧ ਤੋਂ ਵੱਧ ਪ੍ਰੇਰਿਤ ਕਰਕੇ ਆਮ ਆਦਮੀ ਪਾਰਟੀ ਨਾਲ ਜੋੜਨ ਲਈ ਆਖਦਿਆਂ ਮਾਨ ਸਰਕਾਰ ਦੀਆਂ ਸਮੂਹ ਲੋਕ-ਪੱਖੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ 'ਤੇ ਵਿਚਾਰ ਕੀਤਾ ਗਿਆ। ਹਾਜਰ ਮੈਂਬਰਾਂ ਨੇ ਭਰੋਸਾ ਦਿੱਤਾ ਕਿ ਜਲੰਧਰ ਵਿੱਚ ਆਪ ਦੇ ਹੱਕ ਵਿੱਚ ਚੱਲ ਰਹੀ ਲਹਿਰ ਨੂੰ ਉਹ ਹੋਰ ਪ੍ਰਚੰਡ ਕਰਨਗੇ ਅਤੇ ਆਗਾਮੀ ਚੋਣ ਵਿੱਚ ਆਮ ਆਦਮੀ ਪਾਰਟੀ ਜਿਤਾਉਣ ਲਈ ਉਹ ਆਪਣਾ ਪੂਰਾ ਜੋਰ ਲਾਉਣਗੇ । ਇਸ ਮੌਕੇ 'ਤੇ ਵਿਨੀਤ ਵਰਮਾ ਪ੍ਰਧਾਨ ਵਪਾਰ ਮੰਡਲ ਪੰਜਾਬ , ਅਮਰਦੀਪ ਕੌਰ ਸੰਧੂ (ਸੂਬਾ ਮੀਤ ਪ੍ਰਧਾਨ ਵਪਾਰ ਮੰਡਲ ਪੰਜਾਬ) ,ਗੌਰਵ ਪੁਰੀ (ਜ਼ਿਲ੍ਹਾ ਪ੍ਰਧਾਨ ਜਲੰਧਰ), ਬਲਵੰਤ ਸਿੰਘ , ਬਲਜੀਤ ਮੱਕੜ , ਜਸਵੀਰ ਅਰੋੜਾ, ਵਰਿੰਦਰ ਸਿੰਘ, ਰਜਨੀਸ਼ ਬੈਂਸ, ਗੁਰਮੁਖ ਸਿੰਘ ਮਾਨ, ਲਵਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਸੁਰਿੰਦਰ ਸਿੰਘ, ਵਰਿੰਦਰ ਬੇਦੀ, ਸੂਰਜ ਸੰਦਲ, ਹਰਪਾਲ ਸਿੰਘ, ਰੱਗੂ ਅਰੋੜਾ, ਜਸਵਿੰਦਰ ਸਿੰਘ, ਅੰਕੁਰ ਗੋਇਲ, ਗੁਰਵਿੰਦਰ ਸਿੰਘ, ਮੰਗਲ ਅਰੋੜਾ, ਯਾਦਵਿੰਦਰ ਸਿੰਘ, ਅਜੀਤ ਸਿੰਘ, ਰੋਹਿਤ ਵਰਮਾ, ਹਰਵਿੰਦਰ ਸਿੰਘ ਅਤੇ ਵਪਾਰ ਮੰਡਲ ਦੇ ਹੋਰ ਬਹੁਤ ਸਾਰੇ ਸਾਥੀ ਹਾਜਰ ਸਨ। ਰਵੀਦਾਸ ਚੌਂਕ ਜਲੰਧਰ ਵਿਖੇ ਪਾਰਟੀ ਦਫਤਰ ਵਿੱਚ 'ਕਸਯਪ ਰਾਜਪੂਤ ਸਭਾ' ਦੇ ਮੈਂਬਰਾਂ ਨੇ ਬਰਸਟ ਨਾਲ ਬੈਠਕ ਕਰਦਿਆਂ ਆਪਣਾ ਮੰਗ ਪੱਤਰ ਦਿੱਤਾ। ਜਿਸ ਵਿੱਚ ਮੁੱਖ ਰੂਪ ਵਿੱਚ ਕਸ਼ਯਪ ਸਮਾਜ ਲਈ ਇਕ ਭਲਾਈ ਬੋਰਡ ਦੀ ਸਥਾਪਨਾ ਕਰਨਾ, ਮੋਤੀ ਰਾਮ ਮਹਿਰਾ ਅਤੇ ਭਾਈ ਹਿੰਮਤ ਸਿੰਘ ਦੀਆਂ ਯਾਦਗਾਰਾਂ ਸਥਾਪਿਤ ਕਰਨਾ, ਸ਼ਾਮਲਾਟ ਪੰਚਾਇਤੀ ਜਮੀਨ ਦੀ ਨਿਲਾਮੀ ਸਮੇਂ ਕਸ਼ਯਪ ਸਮਾਜ ਦੀ ਹਿੱਸੇਦਾਰੀ ਨਿਸਚਿਤ ਕਰਨਾ, ਬੱਚਿਆਂ ਦੇ ਬਣਦੇ ਪੱਛੜੀ ਜਾਤੀ ਦੇ ਸਰਟੀਫੀਕੇਟ ਜਿਸਦੀ ਮਿਆਦ ਉਮਰ-ਭਰ ਲਈ ਹੋਵੇ, ਦੀ ਮੰਗ ਕੀਤੀ ਗਈ ਹੈ। ਮੀਟਿੰਗ ਵਿੱਚ ਰਕੇਸ਼ ਕਸ਼ਯਪ ਜਰਨਲ ਸਕੱਤਰ, ਦਰਸ਼ਨ ਸਿੰਘ ਮਾਨੀ ਜ਼ਿਲ੍ਹਾ ਪ੍ਰਧਾਨ, ਪਰਮਜੀਤ ਸਿੰਘ ਚੇਅਰਮੈਨ ਅਤੇ ਰਜਿੰਦਰ ਬਾਗਲ ਮੁੱਖ ਸਲਾਹਕਾਰ ਪ੍ਰਮੁੱਖ ਤੌਰ 'ਤੇ ਸ਼ਾਮਿਲ ਰਹੇ।



28-April-PAGE-12.qxd 4/27/2023 10:43 PM Page 1



# ਬਾਠ ਕਲਾਂ ਦੇ ਵਾਸੀ ਆਪ ਨੂੰ ਜਿਤਾਉਣ ਲਈ ਹੋਏ ਪੱਬਾਂ-ਭਾਰ



**ਜਲੰਧਰ, (ਸ਼ੈਲੀ, ਸੁਰਿੰਦਰ)**

ਜਲੰਧਰ ਜ਼ਿਮਨੀ ਚੋਣਾਂ ਤੋਂ ਪਹਿਲਾਂ ਵਿਧਾਨ ਸਭਾ ਹਲਕਾ ਨਕੋਦਰ ਦੇ ਪਿੰਡ ਬਾਠ ਕਲਾਂ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵਖਤ ਭਾਰੀ ਬਲ ਮਿਲਿਆ ਜਦੋਂ ਹਲਕੇ ਤੋਂ ਆਪ ਵਿਧਾਇਕਾ ਇੰਦਰਜੀਤ ਕੌਰ ਮਾਨ ਦੀ ਹਾਜਰੀ ਵਿੱਚ ਮਾਨ ਸਰਕਾਰ ਦੇ ਲੋਕ ਪੱਖੀ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਪਿੰਡ ਬਾਠਾਂ ਦੇ ਪੰਚ-ਸਰਪੰਚ ਅਤੇ ਹੋਰ ਰਸੂਖਵਾਨ ਵਿਅਕਤੀਆਂ ਤੋਂ ਬਿਨਾਂ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੀ ਨੌਜਵਾਨ ਆਗੂ ਯੁਵੀ ਬਾਠ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਇਸ ਸਭ ਕਾਰਜ ਨੂੰ ਨੇਪਰੇ ਚਾੜ੍ਹਨ ਦਾ ਸਿਹਰਾ ਨਰੇਸ਼ ਕੁਮਾਰ ਸੁਖਵਿੰਦਰ ਗੜਵਾਲ ,ਰਾਮ ਆਸਰਾ ਆਹੀਰ, ਹੰਸਰਾਜ ਆਹੀਰ,ਹੈਪੀ ਆਹੀਰ,ਯੋਗਰਾਜ ਕਲੇਰ ਦੀ ਕੀਤੀ ਹੋਈ ਮਿਹਨਤ ਸਦਕਾ ਹੈ। ਇਸ ਮੌਕੇ 'ਤੇ ਸਰਪੰਚ ਕੁਲਵਿੰਦਰ ਕੁਮਾਰ ਆਹੀਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਆਮ ਆਦਮੀ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਤੋਂ ਖੁਸ਼ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਹੈ। ਸਾਨੂੰ ਪੂਰੀ ਉਮੀਦ ਹੈ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਸ਼ੀਲ ਕੁਮਾਰ ਰਿੰਕੂ ਭਾਰੀ ਵੋਟਾਂ ਨਾਲ ਜਿੱਤਣਗੇ। ਵਿਧਾਇਕਾ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਪਾਰਟੀ ਵਿਚ ਸ਼ਾਮਿਲ ਹੋਣ ਵਾਲੇ ਸਾਰੇ ਨਵੇਂ ਮੈਂਬਰਾਂ ਦਾ ਪਰਵਾਰ ਵਿੱਚ ਪੂਰਾ ਮਾਣ-ਸਤਿਕਾਰ ਕਾਇਮ ਰੱਖਿਆ ਜਾਵੇਗਾ। ਇਸ ਮੌਕੇ ਰਣਜੀਤ ਸਿੰਘ ਚੀਮਾ ਚੇਅਰਮੈਨ ਪੰਜਾਬ ਜਲ ਸਰੋਤ ਵਿਭਾਗ , ਦਰਸ਼ਨ ਸਿੰਘ ਟਾਹਲੀ ਜ਼ਿਲ੍ਹਾ ਪ੍ਰੀਸ਼ਦ ਵਾਇਸ ਚੇਅਰਮੈਨ ਵੀ ਨਾਲ ਮੌਜੂਦ ਸਨ। ਪਾਰਟੀ ਵਿਚ ਸ਼ਾਮਿਲ ਹੋਣ ਵਾਲਿਆਂ ਵਿੱਚ ਪੰਚ ਆਸਾ ਨੰਦ ਰਤੂ, ਜੱਸੀ ,ਪਾਲ ਸਿੰਘ ਬਾਠ ,ਸ਼ਿੰਗਾਰਾ ਸਿੰਘ ਬਾਠ ,ਦਰਬਾਰਾ ਸਿੰਘ ਬਾਠ ,ਪਿੰਦਰਪਾਲ, ਸਨੀ ਬਾਠ, ਅਮ੍ਰਿਤ, ਸਾਹਿਲ, ਬਿੰਦੂ, ਅਮਰੀਕ ਸਿੰਘ, ਰਾਜ ਕੁਮਾਰ, ਵਿਜੇ ਕੁਮਾਰ, ਰਮਨ ਕੁਮਾਰ, ਪਰਵਿੰਦਰ ਸਿੰਘ, ਜਰਨੈਲ ਸਿੰਘ, ਸਤਿਬੀਰ ਸਿੰਘ, ਰਾਮ ਚੰਦਰ ਆਦਿ ਨਾਂਅ ਪ੍ਰਮੁੱਖ ਹਨ।

# ਦੇਹਰੀਵਾਲ ਮੁਸਲਿਮ ਭਾਈਚਾਰੇ ਦੀਆਂ ਔਕੜਾਂ ਜਲਦ ਦੂਰ ਕਰ ਦਿੱਤੀਆਂ ਜਾਣਗੀਆਂ : ਕੁਰਾਲਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਪਿੰਡ ਦੇਹਰੀਵਾਲ ਖਾਨਪੁਰ ਦੇ ਮੁਸਲਿਮ ਭਾਈਚਾਰੇ ਦਾ ਇਕ ਵਫਦ ਬਰਕਤ ਅਲੀ ਦੀ ਅਗਵਾਈ ਵਿੱਚ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਦੇ ਪਿਤਾ ਮਹਿੰਦਰ ਸਿੰਘ ਕੁਰਾਲਾ ਨੂੰ ਮਿਲਿਆ ਅਤੇ ਇਕ ਮੰਗ ਪੱਤਰ ਦਿੱਤਾ ਜਿਸ ਵਿੱਚ ਪਿੰਡ ਦੀ ਮਸਜਿਦ ਵਿੱਚ ਨਮਾਜ ਪੜ੍ਹਨ ਸਮੇਂ ਦਰਪੇਸ਼ ਆ ਰਹੀਆਂ ਔਕੜਾਂ ਤੇ ਮੌਲਵੀ ਦੇ ਆਰਾਮ ਕਰਨ ਲਈ ਇੱਕ ਕਮਰਾ ਬਣਾਉਣ ਸਬੰਧੀ ਮੰਗ ਕੀਤੀ ਗਈ। ਇਸ ਮੌਕੇ 'ਤੇ ਉਨ੍ਹਾਂ ਨਾਲ ਅਤਵਾਰ ਸਿੰਘ ਪਲਾਚੱਕ, ਦਫਤਰ ਇੰਚਾਰਜ ਰਵੇਲ ਸਿੰਘ ਅਤੇ ਪ੍ਰਭਜੋਤ ਸਿੰਘ ਹਾਜਰ ਸਨ। ਮਹਿੰਦਰ ਸਿੰਘ ਕੁਰਾਲਾ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਦਰਪੇਸ਼ ਸਾਰੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰ ਦਿੱਤਾ ਜਾਵੇਗਾ ਅਤੇ ਮਸਜਿਦ ਵਿਚ ਇਕ ਕਮਰਾ ਵੀ ਜਲਦ ਬਣਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਬਿਨਾਂ ਕਿਸੇ ਭੇਦਭਾਵ ਦੇ ਹਰ ਵਰਗ ਦੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਖਤਮ ਕਰਨ ਦੇ ਹਰ ਸੰਭਵ ਯਤਨ ਕਰ ਰਹੀ ਹੈ ਤਾਂ ਜੋ ਆਮ ਜਨਤਾ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਪੰਜਾਬ ਦੇ ਹਰ ਪਿੰਡ ਨੂੰ ਸ਼ਹਿਰਾਂ ਵਾਂਗ ਸਹੂਲਤਾਂ ਦੇਣ ਲਈ ਬਿਨਾਂ ਕਿਸੇ ਭੇਦਭਾਵ ਦੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਗ੍ਰਾਂਟਾਂ ਅਤੇ ਹਰ ਤਰ੍ਹਾਂ ਦੀ ਸਹਾਇਤਾ ਮੁਹੱਈਆ ਕਰਵਾ ਰਹੀ ਹੈ ਤਾਂ ਜੋ ਹਰ ਪਿੰਡ ਦਾ ਵਿਕਾਸ ਬੁਲੰਦੀਆਂ ਤੱਕ ਪਹੁੰਚ ਸਕੇ। ਇਸ ਮੌਕੇ 'ਤੇ ਵਫਦ ਨਾਲ ਆਏ ਬਰਕਤ ਅਲੀ, ਤਾਜਦੀਨ, ਮੌਜਦੀਨ, ਮੁਹੰਮਦ ਸਫੀ, ਹਨੀਫ ਅਲੀ, ਸਰਾਜ ਦੀਨ, ਲਾਲ ਦੀਨ, ਰਾਜਾ, ਸਲੂ, ਸਦੀਕ ਅਲੀ, ਅਤੇ ਹੋਰ ਪਿੰਡ ਵਾਸੀਆਂ ਨੇ ਮਹਿੰਦਰ ਸਿੰਘ ਕੁਰਾਲਾ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਨੂੰ ਸਿਰੋਪੇ ਪਾ ਕੇ ਸਨਮਾਨਤ ਕੀਤਾ।

## ਪੋਲ ਖੋਲ੍ਹ ਰੈਲੀ 'ਚ ਸ਼ਾਮਲ ਹੋਣ ਸੰਬੰਧੀ ਆਸ਼ਾ ਵਰਕਰਾਂ ਕੀਤੀ ਵਿਸ਼ੇਸ਼ ਮੀਟਿੰਗ



**ਅਲਾਵਲਪੁਰ (ਮਦਨ ਬੰਗੜ)**- ਡੈਮੋਕ੍ਰੇਟਿਕ ਆਸ਼ਾ ਵਰਕਰ ਤੇ ਫੈਸੀਲੀਟੇਟਰਜ ਯੂਨੀਅਨ ਪੰਜਾਬ ਜ਼ਿਲ੍ਹਾ ਜਲੰਧਰ ਦੇ ਸੱਦੇ ਤੇ ਬਲਾਕ ਆਦਮਪੁਰ ਇਕਾਈ ਵੱਲੋਂ ਯੂਨੀਅਨ ਦੇ ਆਗੂ ਸੀਤਾ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ ਜਿਸ ਵਿੱਚ 28 ਅਪ੍ਰੈਲ ਨੂੰ ਜਲੰਧਰ ਵਿਖੇ ਪੰਜਾਬ ਸਰਕਾਰ ਖਿਲਾਫ ਕੀਤੀ ਜਾ ਰਹੀ ਪੋਲ੍ਹ ਖੋਲ ਰੈਲੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਬਲਾਕ ਪ੍ਰਧਾਨ ਤੇ ਹੋਰ ਆਗੂਆਂ ਨੇ ਦੱਸਿਆ ਕਿ 28 ਅਪ੍ਰੈਲ ਦੀ ਰੈਲੀ ਨੂੰ ਕਾਮਯਾਬ ਕਰਨ ਲਈ ਆਦਮਪੁਰ ਤੋਂ 100 ਦੇ ਕਰੀਬ ਆਸ਼ਾ ਵਰਕਰ ਤੇ ਫੈਸੀਲੀਟੇਟਰਜ ਵਰਕਰ ਸ਼ਾਮਿਲ ਹੋਣਗੇ। ਇਸ ਮੌਕੇ ਸੀਤਾ, ਜੋਤੀ ,ਜਤਿੰਦਰ ਕੌਰ, ਸੁਖਵਿੰਦਰ ਕੌਰ ,ਸਰਬਜੀਤ ਕੌਰ, ਕੁਲਵਿੰਦਰ ਕੌਰ ਆਦਿ ਤੋਂ ਇਲਾਵਾ ਹੋਰ ਮੈਂਬਰ ਸ਼ਾਮਲ ਸਨ।

## ਰਿੰਕੂ ਭਾਰੀ ਬਹੁਮਤ ਨਾਲ ਜਿੱਤੇਗਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਆਮ ਆਦਮੀ ਪਾਰਟੀ ਹਲਕਾ ਨਕੋਦਰ ਦੀ ਇਕ ਮੀਟਿੰਗ ਰਿੰਕੂ ਬੰਗੜ ਦੀ ਅਗਵਾਈ ਵਿਚ ਪਿੰਡ ਮੁਹੇਮ ਵਿਖੇ ਹੋਈ ਜਿਸ ਨੂੰ ਸੰਬੋਧਨ ਕਰਦਿਆਂ ਮਨਜੀਤ ਸਿੰਘ ਚੀਮਾ ਚੇਅਰਮੈਨ ਜਲ ਸਰੋਤ ਮਹਿਕਮਾ ਪੰਜਾਬ ਨੇ ਕਿਹਾ ਹੈ ਕਿ ਜੋ ਵਿਕਾਸ ਆਮ ਆਦਮੀ ਨੇ ਪਿਛਲੇ ਇਕ ਸਾਲ ਵਿਚ ਕੀਤਾ ਹੈ ਉਹ ਕਿਸੇ ਵੀ ਹੋਰ ਸਰਕਾਰ ਨੇ ਨਹੀਂ ਕੀਤਾ । ਹਲਕਾ ਨਕੋਦਰ ਦੀ ਵਿਧਿਆਇਕ ਬੀਬੀ ਇੰਦਰਜੀਤ ਕੌਰ ਮਾਨ ਦੀ ਅਗਵਾਈ ਵਿਚ ਹਲਕੇ ਦੀਆਂ ਪੰਚਾਇਤਾਂ ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਜਿੱਤਣ ਲਈ ਆਮ ਆਦਮੀ ਪਾਰਟੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀਆਂ ਹਨ । ਇਸ ਮੀਟਿੰਗ ਬਿਸ਼ਨ ਸਿੰਘ, ਸਰਪੰਚ ਜਗਦੀਸ਼ ਰੱਲ੍ਹ, ਅਮਰੀਕ ਬੰਗੜ, ਰਿੰਕੂ ਬੰਗੜ, ਬਿੰਦਰ ਬੰਗੜ, ਸੋਮ ਨਾਥ ਪੰਚ, ਅਜੇ ਹੰਸ, ਬਲਜੀਤ ਬੰਗੜ, ਨਵੀਨ ਕੁਮਾਰ ਅਤੇ ਪਿੰਡ ਦੇ ਪਤਵੰਤੇ ਹਾਜਰ ਸਨ।



# ਗੁਰਦੁਆਰਾ ਬੇਰ ਸਾਹਿਬ ਵਿਖੇ ਜਰਨੈਲ ਸਿੰਘ ਬੂਲੇ ਨੇ ਬਤੌਰ ਮੈਨੇਜਰ ਦਾ ਅਹੁਦਾ ਸੰਭਾਲਿਆ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**

ਇਥੋਂ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਜਰਨੈਲ ਸਿੰਘ ਬੂਲੇ ਵੱਲੋਂ ਬਤੌਰ ਮੈਨੇਜਰ ਦਾ ਅਹੁਦਾ ਸੰਭਾਲ ਲਿਆ ਗਿਆ ਹੈ। ਇਸ ਤੋਂ ਪਹਿਲਾਂ ਉਹ ਪਟਿਆਲਾ ਦੇ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਵਿਖੇ ਆਪਣੀ ਸੇਵਾ ਨਿਭਾ ਰਹੇ ਸਨ । ਇਸ ਮੌਕੇ ਨਵ-ਨਿਯੁਕਤ ਮੈਨੇਜਰ ਜਰਨੈਲ ਸਿੰਘ ਬੂਲੇ ਨੂੰ ਮੈਨੇਜਰ ਭਾਈ ਸਤਿੰਦਰ ਸਿੰਘ ਬਾਜਵਾ ਅਤੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਹੈੱਡ ਗ੍ਰੰਥੀ ਸਤਨਾਮ ਸਿੰਘ ਵੱਲੋਂ ਸਿਰੋਪਾ ਭੇਟ ਕਰ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਮੂਹ ਸਟਾਫ ਨੇ ਵਧਾਈਆਂ ਦਿੱਤੀਆਂ। ਮੈਨੇਜਰ ਬੂਲੇ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਬੜੇ ਹੀ ਭਾਗਸ਼ਾਲੀ ਸਮਝਦੇ ਹਨ ਕਿ ਉਨ੍ਹਾਂ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰ 'ਤੇ ਸੇਵਾ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਉਹ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ 3 ਵਾਰ ਬਤੌਰ ਮੈਨੇਜਰ ਸੇਵਾ ਨਿਭਾਅ ਚੁੱਕੇ ਹਨ। ਇਸ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੈਨੇਜਰ ਭਾਈ ਸਤਿੰਦਰ ਸਿੰਘ ਬਾਜਵਾ ਨੂੰ ਵੀ ਸਨਮਾਨਿਤ ਕੀਤਾ ਗਿਆ। ਉਹਨਾਂ ਦਾ ਤਬਾਦਲਾ ਪਟਿਆਲਾ ਦੇ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਵਿਖੇ ਹੋ ਗਿਆ ਹੈ। ਇਸ ਮੌਕੇ ਹੈੱਡ ਗ੍ਰੰਥੀ ਸਤਨਾਮ ਸਿੰਘ, ਮੀਤ ਮੈਨੇਜਰ ਸਰਦਾਰ ਜਗਤਾਰ ਸਿੰਘ, ਅਕਾਊਂਟੈਂਟ ਸਰਦਾਰ ਜਰਨੈਲ ਸਿੰਘ, ਨਿਗਰਾਨ ਸਰਦਾਰ ਸਰਵਣ ਸਿੰਘ ਚੱਕਾ, ਖਜਾਨਚੀ ਸੁਖਵਿੰਦਰ ਸਿੰਘ , ਰੀਕਾਰਡ ਕੀਪਰ ਭੁਪਿੰਦਰ ਸਿੰਘ, ਸਟੋਰ ਕੀਪਰ ਇੰਦਰ ਜੀਤ ਸਿੰਘ, ਸਟੋਰ ਕੀਪਰ ਸਲਵੰਤ ਸਿੰਘ, ਗੁਰਪ੍ਰੀਤ ਸਿੰਘ ਫੱਤੂਢੀਂਗਾ ,ਜੋੜੀਵਾਲਾ ਸੁਬੇਗ ਸਿੰਘ,ਕਲਰਕ ਦਲਜੀਤ ਸਿੰਘ, ਆਰ ਕੇ ਰਣਜੀਤ ਸਿੰਘ, ਭਾਈ ਸੰਪੂਰਨ ਸਿੰਘ ,ਭਾਈ ਦਲਜੀਤ ਸਿੰਘ ਮੋਮੀ, ਜਸਵੀਰ ਸਿੰਘ, ਦਿਲਬਾਗ ਸਿੰਘ, ਸੁਖਵਿੰਦਰ ਸਿੰਘ,ਅਮਨਦੀਪ ਬੂਲੇ, ਨਿਰਮਲ ਸਿੰਘ,ਕੁਲਦੀਪ ਸਿੰਘ, ਹਰਪ੍ਰੀਤ ਸਿੰਘ, ਰਣਜੀਤ ਸਿੰਘ, ਰਜਤਪ੍ਰੀਤ ਸਿੰਘ ਆਦਿ ਮੌਜੂਦ ਸਨ।

# ਜਨਤਕ ਵਿਰੋਧ ਦੇ ਦਬਾਅ ਅਧੀਨ ਸਕੂਲ ਆਫ ਐਮੀਨੈਸ 'ਚ ਬੱਚਿਆਂ ਦੇ ਦਾਖਲਾ ਨੀਤੀ 'ਚ ਕੀਤੀ ਸੋਧ

**ਜਲੰਧਰ (ਰਾਜੇਸ਼ ਥਾਪਾ)**

ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਨਵੀਂ ਸਿੱਖਿਆ ਨੀਤੀ 2020 ਨੂੰ ਲੁਕਵੇਂ ਰੂਪ ਵਿੱਚ ਲਾਗੂ ਕਰਦੇ ਹੋਏ ਸਕੂਲ ਆਫ ਐਮੀਨੈਂਸ ਦਾ ਐਲਾਨ ਕੀਤਾ ਸੀ। ਜਿਸ ਦੇ ਜਰੀਏ ਪੰਜਾਬ ਵਿੱਚ ਪਹਿਲਾਂ ਤੋਂ ਹੀ ਵਧੀਆ ਢੰਗ ਨਾਲ ਚੱਲ ਰਹੇ 117 ਸਕੂਲਾਂ ਨੂੰ ਸਕੂਲ ਆਫ ਐਮੀਨੈਂਸ ਦਾ ਦਰਜਾ ਦੇ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਕਰਨ ਦਾ ਢੰਡੋਰਾ ਪਿੱਟ ਕੇ ਵਾਹ-ਵਾਹ ਖੱਟਣ ਦਾ ਯਤਨ ਕੀਤਾ ਸੀ। ਇੱਥੇ ਇਹ ਵੀ ਵਰਨਣਯੋਗ ਹੈ ਕਿ ਇਹਨਾਂ 117 ਸਕੂਲਾਂ ਵਿੱਚ ਸਿਰਫ ਨੌਵੀਂ ਤੋਂ ਬਾਰਵੀਂ ਤੱਕ ਦੇ ਬੱਚਿਆਂ ਦਾ ਹੀ ਦਾਖਲਾ ਕੀਤਾ ਜਾਣਾ ਸੀ। ਇਹਨਾਂ ਸਕੂਲਾਂ ਵਿੱਚ ਪਹਿਲਾਂ ਤੋਂ ਪੜ੍ਹਦੇ ਪ੍ਰੀ ਪ੍ਰਾਇਮਰੀ ਤੋਂ ਅੱਠਵੀਂ ਤੱਕ ਜਾਂ ਛੇਵੀਂ ਤੋਂ ਅੱਠਵੀਂ ਤੱਕ ਦੇ ਬੱਚਿਆਂ ਦਾ ਵੱਡੇ ਪੱਧਰ 'ਤੇ ਉਜਾੜਾ ਹੋਣਾ ਸੀ। ਜਿਸ ਦਾ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਵਲੋਂ ਸੁਰੂ ਤੋਂ ਹੀ ਵੱਡੇ ਪੱਧਰ 'ਤੇ ਮੀਡੀਆ ਅਤੇ ਪ੍ਰੈਸ ਰਾਹੀਂ ਵਿਰੋਧ ਕੀਤਾ ਜਾਂਦਾ ਰਿਹਾ ਹੈ। ਲਗਾਤਾਰ ਚੱਲ ਰਹੇ ਜਨਤਕ ਵਿਰੋਧ ਦੇ ਦਬਾਅ ਅਧੀਨ ਪੰਜਾਬ ਸਰਕਾਰ ਨੂੰ ਉਪਰੋਕਤ ਫੈਸਲਾ ਵਾਪਸ ਲੈਣ ਲਈ ਮਜਬੂਰ ਹੁੰਦੇ ਹੋਏ ਮੀਮੋ ਨੰਬਰ ਸਸਅ/ਸਮਾਰਟ ਸਕੂਲ /48393/2023,/116652 ਮਿਤੀ 25/04/2023 ਰਾਹੀਂ ਸਕੂਲ ਆਫ ਐਮੀਨੈਂਸ ਵਿੱਚ ਪ੍ਰੀ ਪ੍ਰਾਇਮਰੀ ਤੋਂ ਅੱਠਵੀਂ ਤੱਕ ਅਤੇ ਛੇਵੀਂ ਤੋਂ ਅੱਠਵੀਂ ਤੱਕ ਬੱਚੇ ਦਾਖਲ ਨਾ ਕਰਨ ਦਾ ਫੈਸਲਾ ਵਾਪਸ ਲੈਣਾ ਪਿਆ ਹੈ ਅਤੇ ਸਾਰੀਆਂ ਜਮਾਤਾਂ ਦੇ ਬੱਚੇ ਦਾਖਲ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਉਪਰੋਕਤ ਫੈਸਲਾ ਦਾ ਗੌਰਮਿੰਟ ਟੀਚਰਜ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ, ਜਰਨਲ ਸਕੱਤਰ ਗਣੇਸ਼ ਭਗਤ, ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਕੁਲਾਰ, ਪਸਸਫ ਪੰਜਾਬ ਦੇ ਜਰਨਲ ਸਕੱਤਰ ਤੀਰਥ ਸਿੰਘ ਬਾਸੀ ਨੇ ਸਵਾਗਤ ਕਰਦੇ ਹੋਏ ਮੰਗ ਕੀਤੀ ਹੈ ਕਿ ਉਪਰੋਕਤ 117 ਸਕੂਲਾਂ ਵਾਂਗ ਸਮੁੱਚੇ ਪੰਜਾਬ ਦੇ ਸਕੂਲਾਂ ਨੂੰ ਸਕੂਲ ਆਫ ਐਮੀਨੈਂਸ ਦਾ ਦਰਜਾ ਦਿੱਤਾ ਜਾਵੇ ਅਤੇ ਸਕੂਲਾਂ ਵਿੱਚ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਖਾਲੀ ਆਸਾਮੀਆਂ ਤੁਰੰਤ ਭਰੀਆਂ ਜਾਣ ਅਤੇ ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਲੈਣੇ ਤੁਰੰਤ ਬੰਦ ਕੀਤੇ ਜਾਣ।



## ਭਾਜਪਾ ਆਗੂਆਂ ਵੱਲੋਂ ਬਾਦਲ ਨੂੰ ਸ਼ਰਧਾਂਜਲੀ ਭੇਟ

**ਜਲੰਧਰ (ਇਕਬਾਲ ਸਿੰਘ ਉਭੀ)**- ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸੁਸ਼ੀਲ ਸ਼ਰਮਾ ਦੀ ਪ੍ਰਧਾਨਗੀ ਹੇਠ ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ ਅਤੇ 5 ਵਾਰ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ 'ਤੇ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨੇ ਚੋਣ ਦਫਤਰ ਵਿਖੇ ਦੋ ਮਿੰਟ ਦਾ ਮੌਨ ਰੱਖਿਆ ਅਤੇ ਬਾਦਲ ਦੀ ਤਸਵੀਰ 'ਤੇ ਫੁੱਲ ਭੇਟ ਕਰਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਜਲੰਧਰ ਲੋਕ ਸਭਾ ਉਪ ਚੋਣ ਦੇ ਇੰਚਾਰਜ ਤੇ ਉੱਤਰ ਪ੍ਰਦੇਸ਼ ਤੋਂ ਸਾਬਕਾ ਮੰਤਰੀ ਡਾ: ਮਹਿੰਦਰ ਸਿੰਘ, ਭਾਜਪਾ ਦੇ ਕੌਮੀ ਸਕੱਤਰ ਡਾ: ਨਰਿੰਦਰ ਸਿੰਘ ਰਾਣਾ, ਸਾਬਕਾ ਵਿਧਾਇਕ ਮਨੋਰੰਜਨ ਕਾਲੀਆ, ਜੋਨਲ ਇੰਚਾਰਜ ਜੀਵਨ ਗੁਪਤਾ, ਮੀਤ ਪ੍ਰਧਾਨ ਡਾ: ਸੁਭਾਸ ਸਰਮਾ, ਰਾਕੇਸ ਰਾਠੌਰ, ਸੂਬਾਈ ਬੁਲਾਰੇ ਅਨਿਲ ਸਰੀਨ, ਦੀਵਾਨ ਅਮਿਤ ਅਰੋੜਾ, ਭਾਰਤੀ ਜਨਤਾ ਯੁਵਾ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਇੰਜੀ. ਕੰਵਲਵੀਰ ਸਿੰਘ ਟੌਹੜਾ, ਸਾਬਕਾ ਜ਼ਿਲ੍ਹਾ ਪ੍ਰਧਾਨ ਰਮਨ ਪੱਬੀ, ਅਮਰਜੀਤ ਸਿੰਘ ਅਮਰੀ, ਸੂਬਾ ਮੀਡੀਆ ਸਕੱਤਰ ਜਨਾਰਦਨ ਸ਼ਰਮਾ, ਜ਼ਿਲ੍ਹਾ ਜਨਰਲ ਸਕੱਤਰ ਅਸ਼ੋਕ ਸਰੀਨ, ਅਮਰਜੀਤ ਸਿੰਘ ਗੋਲਡੀ, ਰਾਜੇਸ਼ ਕਪੂਰ, ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਕਾਲੀਆ, ਜ਼ਿਲ੍ਹਾ ਸਕੱਤਰ ਅਮਿਤ ਭਾਟੀਆ, ਅਜੈ ਚੋਪੜਾ, ਅਜਮੇਰ ਸਿੰਘ ਬਾਦਲ, ਕੁਲਵੰਤ ਸ਼ਰਮਾ, ਗੇਜਾ ਰਾਮ ਬਾਲਮੀਕੀ, ਵਿਪਨ ਸੱਭਰਵਾਲ, ਗੁਰਦੀਪ ਸਿੰਘ ਗੋਸਾ ਆਦਿ ਨੇ ਸ਼ਰਧਾਂਜਲੀ ਭੇਟ ਕੀਤੀ।



# ਭਲਕ ਦੇ ਧਰਨੇ ਦੀਆਂ ਤਿਆਰੀਆਂ ਮੁਕੰਮਲ : ਮੱਟੂ



**ਮਾਹਿਲਪੁਰ (ਸਫਰੀ)**

ਕੰਢੀ ਸੰਘਰਸ਼ ਕਮੇਟੀ ਵੱਲੋਂ ਗੜ੍ਹਸ਼ੰਕਰ-ਨੰਗਲ ਸੜਕ ਨੂੰ ਜਲਦ ਬਣਾਉਣ ਦੀ ਮੰਗ ਨੂੰ ਲੈ ਕੇ 29 ਅਪ੍ਰੈਲ ਨੂੰ ਟਰੱਕ ਯੂਨੀਅਨ ਗੜ੍ਹਸ਼ੰਕਰ ਨਜਦੀਕ ਦਿੱਤੇ ਜਾ ਰਹੇ ਧਰਨੇ ਸਬੰਧੀ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੰਢੀ ਸੰਘਰਸ਼ ਕਮੇਟੀ ਦੇ ਸੂਬਾਈ ਕਨਵੀਨਰ ਦਰਸ਼ਨ ਸਿੰਘ ਮੱਟੂ ਨੇ ਕਰਦਿਆਂ ਦੱਸਿਆ ਕਿ ਇਸ ਸਬੰਧੀ ਪਿੰਡ ਗੜ੍ਹੀ ਮੱਟੋਂ, ਪਾਹਲੇਵਾਲ, ਖਾਨਪੁਰ, ਸ਼ਾਹਪੁਰ, ਸਦਰਪੁਰ, ਚੱਕ ਰੌਤਾਂ, ਕੁਨੈਲ, ਘਾਗੋਰੋੜਾਂਵਾਲੀ, ਭੰਮੀਆਂ, ਦੁਗਰੀ, ਗੜ੍ਹਸ਼ੰਕਰ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਮੀਟਿੰਗਾਂ ਕੀਤੀਆਂ ਗਈਆ ਹਨ। ਇਨ੍ਹਾਂ ਮੀਟਿੰਗਾਂ ਨੂੰ ਦਰਸ਼ਨ ਸਿੰਘ ਮੱਟੂ ਸੂਬਾਈ ਕਨਵੀਨਰ ਕੰਢੀ ਸੰਘਰਸ਼ ਕਮੇਟੀ, ਚੌਧਰੀ ਅੱਛਰ ਸਿੰਘ ਬਿਲੜੋਂ ਸੂਬਾਈ ਆਗੂ ਕੰਢੀ ਸੰਘਰਸ਼ ਕਮੇਟੀ, ਸੁਭਾਸ਼ ਮੱਟੂ ਸੂਬਾਈ ਆਗੂ ਜਨਵਾਦੀ ਇਸਤਰੀ ਸਭਾ, ਹਰਭਜਨ ਸਿੰਘ ਅਟਵਾਲ, ਪ੍ਰੇਮ ਸਿੰਘ ਰਾਣਾ, ਕੈਪਟਨ ਕਰਨੈਲ ਸਿੰਘ, ਤਰਸੇਮ ਲਾਲ, ਮੁਹੰਮਦ ਸੱਬਾ,ਬਖਸ਼ੀਸ਼ ਸਿੰਘ ਦਿਆਲ, ਸਤਵਿੰਦਰ ਸਿੰਘ ਭਿੰਦਾ, ਸਰਵਜੀਤ ਸਿੰਘ ਪੂੰਨੀ ਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ। ਮੱਟੂ ਨੇ ਕਿਹਾ ਕਿ ਸੜਕ ਦੀ ਖਸਤਾ ਹਾਲਤ ਕਾਰਨ ਰੋਜਾਨਾ ਹਾਦਸੇ ਵਾਪਰ ਰਹੇ ਹਨ ਅਤੇ ਧੂੜ ਮਿੱਟੀ ਉਡਣ ਕਾਰਨ ਦੁਕਾਨਦਾਰਾਂ ਦਾ ਕੰਮ ਵੀ ਠੱਪ ਹੋ ਚੁੱਕਾ ਹੈ।

# ਐੱਸ ਸੀ/ਬੀ ਸੀ ਅਧਿਆਪਕ ਯੂਨੀਅਨ ਵੱਲੋਂ ਵਿਸ਼ਾਲ ਰੋਸ ਮਾਰਚ 30 ਨੂੰ

**ਮਹਿਤਪੁਰ (ਰਾਜਾ)**- ਐੱਸ ਸੀ/ਬੀਸੀ ਅਧਿਆਪਕ ਯੂਨੀਅਨ ਪੰਜਾਬ ਦੀ ਇਕ ਜਰੂਰੀ ਜੂਮ ਮੀਟਿੰਗ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਨਾ ਦੀ ਅਗਵਾਈ ਵਿੱਚ ਹੋਈ। ਜੱਥੇਬੰਦੀ ਵੱਲੋਂ ਜਲੰਧਰ ਵਿਖੇ 30 ਅਪ੍ਰੈਲ 2023 ਨੂੰ ਵਿਸ਼ਾਲ ਰੋਸ ਮਾਰਚ ਕਰਨ ਦਾ ਫੈਸਲਾ ਕੀਤਾ ਗਿਆ। ਮੁੱਖ ਮੰਗਾਂ ਵਿੱਚ 85ਵੀਂ ਸੰਵਿਧਾਨਿਕ ਸੋਧ ਨੂੰ ਅਮਲੀ ਰੂਪ ਵਿੱਚ ਲਾਗੂ ਕਰਾਉਣਾ, 10/10/2014 ਦਾ ਗੈਰ ਸੰਵਿਧਾਨਿਕ ਪੱਤਰ ਰੱਦ ਕਰਵਾਉਣਾ ਆਦਿ ਸ਼ਾਮਲ ਹਨ। ਰੋਸ ਮਾਰਚ ਨੂੰ ਸਫਲ ਬਣਾਉਣ ਲਈ ਵੱਖ-ਵੱਖ ਭਰਾਤਰੀ ਮੁਲਾਜ਼ਮ ਜਥੇਬੰਦੀਆਂ, ਮਜਦੂਰ ਸੰਗਠਨਾਂ, ਸਮਾਜਿਕ /ਧਾਰਮਿਕ ਅਤੇ ਵਿਦਿਆਰਥੀ ਜਥੇਬੰਦੀਆਂ ਨੂੰ ਸਹਿਯੋਗ ਦੀ ਅਪੀਲ ਵੀ ਕੀਤੀ ਗਈ। ਇਸ ਮੀਟਿੰਗ ਵਿੱਚ ਸੂਬਾਈ ਕਾਰਜਕਾਰੀ ਪ੍ਰਧਾਨ ਕ੍ਰਿਸਨ ਸਿੰਘ ਦੁੱਗਾਂ,ਜਨ.ਸਕੱਤਰ ਲਛਮਣ ਸਿੰਘ ਨਬੀਪੁਰ, ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਲਤਾਲਾ ਤੇ ਹਰਬੰਸ ਲਾਲ ਪਰਜੀਆਂ,ਮੀਤ ਪ੍ਰਧਾਨ ਗੁਰਸੇਵਕ ਸਿੰਘ ਕਲੇਰ ਤੇ ਪਰਵਿੰਦਰ ਭਾਰਤੀ, ਵਿੱਤ ਸਕੱਤਰ ਗੁਰਪ੍ਰੀਤ ਸਿੰਘ ਗੁਰੂ, ਗੁਰਜੈਪਾਲ ਸਿੰਘ, ਸੁਪਿੰਦਰ ਸਿੰਘ ਖਮਾਣੋਂ, ਹਰਦੀਪ ਸਿੰਘ ਤੂਰ, ਸ਼ਾਮ ਸੁੰਦਰ ਫਿਰੋਜਪੁਰ, ਪੁਸ਼ਪਿੰਦਰ ਸਿੰਘ, ਬੇਅੰਤ ਸਿੰਘ ਭਾਂਬਰੀ, ਹਰਜਿੰਦਰ ਸਿੰਘ , ਲੈਕ. ਅਮਰਜੀਤ ਸਿੰਘ ਅਤੇ ਹੋਰ ਸਰਗਮ ਸਾਥੀਆਂ ਨੇ ਭਾਗ ਲਿਆ।

# ਗਊ ਮਾਸ ਵੇਚਣ ਵਾਲਿਆਂ ਖਿਲਾਫ ਧਾਰਾ 295-ਏ ਤਹਿਤ ਪਰਚੇ ਦਰਜ ਕੀਤੇ ਜਾਣ : ਮਿੱਕੀ ਪੰਡਤ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਬੀਤੇ ਦਿਨੀਂ ਦਸੂਹਾ ਵਿਖੇ ਗਊ ਮਾਸ ਵੇਚਣ ਵਾਲਿਆਂ ਖਿਲਾਫ ਪੁਲਸ ਪ੍ਰਸ਼ਾਸਨ ਵੱਲੋਂ ਧਾਰਾ 188 ਤਹਿਤ ਪਰਚਾ ਦਰਜ ਕਰਕੇ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਜਿਹੜੀ ਠੇਸ ਪਹੁੰਚਾਈ ਗਈ ਉਸਦੇ ਰੋਸ ਵਜੋਂ ਵਿਚਾਰ ਵਟਾਂਦਰਾ ਕਰਨ ਲਈ ਸ਼ਿਵ ਸੈਨਾ ਪੰਜਾਬ ਦੇ ਉਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ ਦੀ ਅਗਵਾਈ ਵਿੱਚ ਇੱਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸ਼ਿਵ ਸੈਨਾ ਦੇ ਦੁਆਬਾ ਪ੍ਰਧਾਨ ਰਾਹੁਲ ਖੰਨਾ, ਜ਼ਿਲ੍ਹਾ ਪ੍ਰਧਾਨ ਸ਼ਿਵਮ ਵੈਦ, ਜ਼ਿਲ੍ਹਾ ਚੇਅਰਮੈਨ ਵਿਕਾਸ ਜਸਰਾ, ਨਿਖਲੇਸ ਜਸਰਾ ਨੈਨੂ, ਚੀਨੂ ਪੰਡਿਤ, ਗੁਰਮੀਤ ਅਰੋੜਾ ਅਤੇ ਅਖਿਲ ਸ਼ਰਮਾ ਸ਼ਾਮਿਲ ਹੋਏ। ਮਿੱਕੀ ਪੰਡਿਤ ਨੇ ਕਿਹਾ ਕਿ ਬੀਤੇ ਦਿਨੀਂ ਦਸੂਹਾ ਪੁਲਸ ਨੇ ਗਊ ਮਾਸ ਦੀ ਤਸਕਰੀ ਕਰਨ ਵਾਲੇ ਜਿਹੜੇ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਧਾਰਾ 188 ਅਧੀਨ ਕਾਰਵਾਈ ਕੀਤੀ ਹੈ ਉਸਦੀ ਸ਼ਿਵ ਸੈਨਾ ਪੰਜਾਬ ਨਿਖੇਧੀ ਕਰਦੀ ਹੈ ਅਤੇ ਉਨ੍ਹਾਂ ਖਿਲਾਫ ਧਾਰਾ 295-ਏ ਦੀ ਕਾਰਵਾਈ ਕਰਨ ਦੀ ਮੰਗ ਕਰਦੀ ਹੈ। ਉਨ੍ਹਾਂ ਕਿਹਾ ਕਿ ਬੀਤੇ ਕਈ ਸਾਲਾਂ ਤੋਂ ਇਹ ਕਥਿਤ ਦੋਸੀ ਅਜਿਹੀ ਘਿਣੌਨੀ ਤਸਕਰੀ ਕਰਕੇ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੇ ਹਨ ਜਿਸਨੂੰ ਸ਼ਿਵ ਸੈਨਾ ਪੰਜਾਬ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਗਊ ਮਾਸ ਦੇ ਇਹ ਵਪਾਰੀ ਟਾਂਡਾ ਵਿਖੇ ਬੀਤੇ ਕਈ ਸਮੇਂ ਤੋਂ ਅਜੇ ਗਰੋਵਰ ਪੁੱਤਰ ਮੰਗਲ ਸੇਨ ਵੱਲੋਂ ਦਿੱਤੇ ਗਏ ਮਕਾਨ ਵਿਚ ਪਨਾਹ ਲੈ ਕੇ ਬੈਠੇ ਸਨ ਇਸ ਲਈ ਉਨ੍ਹਾਂ ਨੂੰ ਪਨਾਹ ਦੇਣ ਕਾਰਨ ਇਹ ਅਜੇ ਗਰੋਵਰ ਵੀ ਦੋਸ਼ੀ ਬਣਦਾ ਹੈ ਇਸ ਲਈ ਉਸਦੇ ਖਿਲਾਫ ਧਾਰਾ 295 ਏ ਤਹਿਤ ਪਰਚਾ ਦਰਜ ਕੀਤਾ ਜਾਵੇ। ਮੀਟਿੰਗ ਉਪਰੰਤ ਸ਼ਿਵ ਸੈਨਾ ਪੰਜਾਬ ਦਾ ਇਕ ਵਫਦ ਮਿੱਕੀ ਪੰਡਿਤ ਦੀ ਅਗਵਾਈ ਵਿਚ ਸਥਾਨਕ ਡੀ.ਐਸ.ਪੀ ਕੁਲਵੰਤ ਸਿੰਘ ਨੂੰ ਮਿਲਿਆ ਅਤੇ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਕਰਨ ਸਬੰਧੀ ਇਕ ਮੰਗ ਪੱਤਰ ਦਿੱਤਾ। ਇਸ ਮੌਕੇ 'ਤੇ ਜਿੰਦਰ ਬਨਿਆਲ, ਵਿਵੇਕ ਵਿਜਨ, ਹਰਜੀਤ ਸਿੰਘ, ਸੁਧਾਂਸੂ ਮਲਹੋਤਰਾ, ਪ੍ਰਦੀਪ ਕੁਮਾਰ, ਹੈਰੀ, ਰਜੀਵ ਖੰਨਾ, ਵਿਸ਼ਾਲ, ਮਨੀਸ਼ ਕੁਮਾਰ, ਕਰਨ ਅਤੇ ਹੋਰ ਹਾਜਰ ਸਨ।



## ਬਾਬਾ ਕਸ਼ਮੀਰਾ ਸਿੰਘ ਨੇ ਬਾਦਲ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ

**ਜਲੰਧਰ (ਇਕਬਾਲ ਸਿੰਘ ਉੱਭੀ)**- ਐੱਸ.ਜੀ.ਐੱਲ ਜਨ ਸੇਵਾ ਕੇਂਦਰ, ਜਲੰਧਰ ਦੇ ਫਾਊਂਡਰ ਚੇਅਰਮੈਨ ਸੁਆਮੀ ਬਾਬਾ ਕਸ਼ਮੀਰਾ ਸਿੰਘ ਨੇ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਤੇ ਦੁੱਖ ਪ੍ਰਗਟਾਉਂਦੇ ਹੋਏ ਕਿਹਾ ਕਿ ਉਹ ਭਾਰਤੀ ਸਿਆਸਤ ਦੇ ਇੱਕ ਮਹਾਨ ਹਸਤੀ ਸਨ। ਸਰਪੰਚੀ ਵਜੋਂ ਸ਼ੁਰੂ ਕੀਤਾ ਸਿਆਸੀ ਸਫਰ 11 ਵਾਰ ਵਿਧਾਇਕ ਬਣ ਕੇ ਬਾਦਲ ਸਾਹਿਬ ਨੇ ਸਿਆਸਤ ਵਿਚ ਰਹਿੰਦਿਆਂ ਪੰਜਾਬ ਦੀ ਭਰਪੂਰ ਸੇਵਾ ਕੀਤੀ। ਸਿਆਸਤ ਦਾ ਬਾਬਾ ਬੋਹੜ ਵਜੋਂ ਜਾਣੇ ਜਾਣ ਵਾਲੇ ਬਾਦਲ ਦਾ ਵਿਛੋੜਾ ਕੇਵਲ ਬਾਦਲ ਪਰਵਾਰ ਲਈ ਹੀ ਨਹੀਂ ਬਲਕਿ ਸਾਰੇ ਪੰਜਾਬ ਲਈ ਹੀ ਨਾ ਪੂਰਾ ਹੋਣ ਵਾਲਾ ਘਾਟਾ ਹੈ। ਪ੍ਰਮਾਤਮਾ ਉਹਨਾਂ ਦੀ ਰੂਹ ਨੂੰ ਸ਼ਾਂਤੀ ਬਖਸ਼ਣ ਅਤੇ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।

## ਦੋ ਲੜਕੀਆਂ ਦੇ ਵਿਆਹ ਲਈ ਦਿੱਤੀ ਮਦਦ



**ਫਗਵਾੜਾ (ਜਸਵਿੰਦਰ ਢੱਡਾ)**-ਐਂਟੀ ਕੁਰੱਪਸ਼ਨ ਫਾਊਡੇਸ਼ਨ ਫਾਰ ਪੀਪਲਸ ਵੱਲੋਂ ਲੋੜਵੰਦ ਗਰੀਬ ਪਰਵਾਰ ਫਗਵਾੜਾ ਸ਼ਹਿਰ ਦੀਆਂ ਦੋ ਲੜਕੀਆਂ ਦੀ ਸ਼ਾਦੀ 'ਤੇ ਚਾਹ-ਪਾਣੀ, ਰੋਟੀ ਆਦਿ ਦਾ ਰਾਸ਼ਨ ਅਤੇ ਗਿਆਰਾਂ ਹਜ਼ਾਰ ਰੁਪਏ ਦਾ ਸਗਨ ਦਿੱਤਾ ਗਿਆ। ਚੈਅਰਮੈਨ ਡਾ. ਦਰਸਨ ਕਟਾਰੀਆ ਨੇ ਦੱਸਿਆ ਕਿ ਸੰਸਥਾ ਵੱਲੋਂ ਲੋੜਵੰਦਾਂ ਨੂੰ ਫ੍ਰੀ ਦਵਾਈਆਂ, ਸਕੂਲ ਦੀਆਂ ਫੀਸਾਂ, ਟਰਾਈ ਸਾਈਕਲ, ਰਾਸ਼ਨ ਆਦਿ ਦਿੱਤੇ ਜਾਂਦੇ ਹਨ। ਸੰਸਥਾ ਵੱਲੋ ਕੋਈ ਡੋਨੇਸ਼ਨ ਨਹੀ ਲਈ ਜਾਂਦੀ ਸਾਰੇ ਮੈਂਬਰਾਂ ਵੱਲੋ ਅਪਨੇ ਕੋਲੋਂ ਪੈਸੇ ਇਕੱਠੇ ਕੀਤੇ ਜਾਂਦੇ ਹਨ। ਇਸ ਮੌਕੇ ਡਾਇਰੈਕਟਰ ਤੁਲਸੀ ਰਾਮ ਖੋਸਲਾ,ਸਰਪੰਚ ਮਨਜੀਤ ਸਿੰਘ, ਬਾਬਾ ਸੋਹਣ ਸਿੰਘ ਬਸੂਟਾ, ਮੈਨੇਜਰ ਹਰਮੇਸ਼ ਸਿੰਘ ਅਦਿ ਹਾਜਰ ਸਨ।

# ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਪੁਖਤਾ ਪ੍ਰਬੰਧ ਕੀਤੇ ਜਾਣ : ਭਾਈ ਬਹਾਦਰ ਸਿੰਘ

**ਸ਼੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ )**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਲਈ ਹੀ ਨਹੀਂ ਸਗੋਂ ਮਨੁੱਖਤਾ ਲਈ ਅਤਿ ਸਤਿਕਾਰਤ ਹਨ ਇਸ ਵਿਚ ਗੁਰੂਆਂ ਅਤੇ ਗੁਰਸਿੱਖਾਂ ਤੋਂ ਇਲਾਵਾ ਵੱਖ ਵੱਖ ਇਲਾਕੇ, ਕਿੱਤੇ ਅਤੇ ਬੋਲੀਆਂ ਵਿੱਚ ਭਗਤੀ ਕਰਨ ਵਾਲੇ ਭਗਤਾਂ ਦੀ ਅਤੇ ਭੱਟਾਂ ਦੀ ਬਾਣੀ ਵੀ ਦਰਜ ਹੈ ਪਰ ਬੇਅਦਬੀ ਦੀਆਂ ਘਟਨਾਵਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ, ਅਕਸਰ ਅਜਿਹੀਆਂ ਘਟਨਾਵਾਂ ਪਿੱਛੇ ਫਿਰਕਾਪ੍ਰਸਤ ਜਥੇਬੰਦੀਆਂ ਜਾਂ ਰਾਜਨਿਤਿਕ ਲੋਕਾਂ ਦਾ ਹੱਥ ਹੋਣ ਦਾ ਖਦਸ਼ਾ ਹੁੰਦਾ ਹੈ। ਸੰਤ ਬਾਬਾ ਧਰਮ ਸਿੰਘ ਖਾਲਸਾ ਮੁੱਖ ਸੇਵਾਦਾਰ ਗੁਰਦੁਆਰਾ ਸ਼ਹੀਦੀ ਅਸਥਾਨ ਬੁਰਜ ਬਾਬਾ ਜੀਵਨ ਸਿੰਘ ਸ੍ਰੀ ਚਮਕੌਰ ਸਾਹਿਬ ਵਾਲਿਆਂ ਨੇ ਕਿਹਾ ਕਿ ਇਹੋ ਜਿਹੇ ਲੋਕ ਹੀ ਅਸਲ ਵਿਚ ਅੱਤਵਾਦੀ ਹਨ ਜੋ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਦਾ ਯਤਨ ਕਰ ਰਹੇ ਹਨ। ਐਸੀਆਂ ਘਟਨਾਵਾਂ ਕਾਨੂੰਨੀ ਢਿੱਲ ਦੇ ਕਾਰਨ ਹੀ ਵਾਪਰਦੀਆਂ ਹਨ। ਪਿਛਲੇ ਸਮੇਂ ਤੋਂ ਸਰਕਾਰਾਂ ਕਾਨੂੰਨ ਅਤੇ ਮੀਡੀਏ ਨੂੰ ਆਪਣੀ ਮਰਜੀ ਦੇ ਨਾਲ ਵਰਤ ਕੇ ਐਸੇ ਦੋਸ਼ੀਆਂ ਨੂੰ ਬਚਾਉਣ ਦਾ ਯਤਨ ਕਰ ਰਹੀਆਂ ਹਨ। ਸੰਤ ਬਾਬਾ ਗੁਰਮੇਲ ਸਿੰਘ ਖਾਲਸਾ ਸ੍ਰੀ ਹੇਮਕੁੰਟ ਸਾਹਿਬ ਲੰਗਰਾਂ ਵਾਲਿਆਂ ਨੇ ਕਿਹਾ ਕਿ ਐਸੇ ਹਾਲਾਤਾਂ ਵਿੱਚ ਸੰਗਤਾਂ ਅੰਤ ਨੂੰ ਕਾਨੂੰਨ ਆਪਣੇ ਹੱਥ ਵਿੱਚ ਲੈ ਕੇ ਦੋਸ਼ੀਆਂ ਨੂੰ ਸਜਾ ਦੇਣਾ ਆਪਣਾ ਫਰਜ਼ ਸਮਝ ਲੈਂਦੀਆਂ ਹਨ। ਇਹੋ ਜਿਹੇ ਵਿਅਕਤੀਆਂ ਨੂੰ ਪਾਗਲ ਜਾਂ ਮੰਦ ਬੁੱਧੀ ਕਰਾਰ ਦੇਣ ਵਾਲੇ ਵਿਅਕਤੀਆਂ ਖਿਲਾਫ ਵੀ ਨਿਗ੍ਹਾ ਰੱਖਣੀ ਬਣਦੀ ਹੈ ਕਿਤੇ ਅਜਿਹੀਆਂ ਘਟਨਾਵਾਂ ਦੇ ਤਾਰ ਉਹਨਾਂ ਨਾਲ ਤਾਂ ਨਹੀਂ ਜੁੜਦੇ। ਇਹ ਵੀ ਵੇਖਣ ਵਿਚ ਆਇਆ ਹੈ ਕਿ ਵੱਖ ਵੱਖ ਰਾਜਨਿਤਿਕ ਪਾਰਟੀਆਂ ਚੋਣਾਂ ਵੇਲੇ ਬੇਅਦਬੀ ਕਰਨ ਵਾਲੇ ਉੱਤੇ ਕਾਰਵਾਈ ਕਰਨ ਦੇ ਭਾਸ਼ਣ ਦੇਂਦੀਆਂ ਹਨ ਪਰ ਆਪਣੀ ਸਰਕਾਰ ਹੋਣ ਸਮੇਂ 'ਤੇ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਤੇ ਕੋਈ ਸਖ਼ਤ ਕਾਰਵਾਈ ਨਹੀਂ ਕਰਦੀਆਂ। ਜਥੇਦਾਰ ਭਾਈ ਬਹਾਦਰ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸ਼ਹੀਦ ਬੁਰਜ ਸ੍ਰੀ ਚਮਕੌਰ ਸਾਹਿਬ ਵਾਲੇ ਵੱਲੋਂ ਸਰਕਾਰ ਤੋਂ ਪੁਰਜੋਰ ਮੰਗ ਕੀਤੀ ਜਾਂਦੀ ਹੈ ਕਿ ਘਟਨਾ ਨਾਲ ਸਬੰਧਤ ਉਪਰੋਕਤ ਵਿਅਕਤੀ ਨੂੰ ਸਖ਼ਤ ਤੋਂ ਸਖ਼ਤ ਸਜਾ ਦਿੱਤੀ ਜਾਵੇ ਤਾਂ ਜੋ ਸਰਬ ਸਾਂਝੀ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਈ ਜਾ ਸਕੇ।



# ਸੰਧਿਆ ਫੇਰੀ ਮੌਕੇ ਲੱਗੀਆਂ ਸੰਗਤਾਂ ਦੀਆਂ ਰੌਣਕਾਂ





**ਸੁਲਤਾਨਪੁਰ ਲੋਧੀ, ( ਹਨੀ)**

30 ਅਪ੍ਰੈਲ ਤੋਂ 6 ਮਈ ਤਕ ਸ੍ਰੀ ਭਾਰਾਮਲ ਮੰਦਿਰ ਵਿਖੇ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਆਯੋਜਿਤ ਹੋਣ ਜਾ ਰਹੀ 7 ਰੋਜਾ ਸ੍ਰੀ ਮਦ ਭਾਗਵਤ ਕਥਾ ਦੇ ਸਬੰਧ ਵਿੱਚ ਸ਼ਹਿਰ ਵਿੱਚ ਲੜੀਵਾਰ ਸੰਧਿਆ ਫੇਰੀਆਂ ਕੱਢੀਆਂ ਜਾ ਰਹੀਆਂ ਹਨ । ਇਸੇ ਲੜੀ ਦੇ ਤਹਿਤ ਤੀਸਰੀ ਅਤੇ ਅੰਤਿਮ ਸੰਧਿਆ ਯਾਤਰਾ ਦੀ ਸ਼ੁਰੂਆਤ ਸਵਾਮੀ ਸੱਜਨਾਨੰਦ, ਸੰਸਥਾਨ ਕੇ ਪ੍ਰਚਾਰਕ ਸਾਧਵੀ ਗੁਰਪ੍ਰੀਤ ਭਾਰਤੀ (ਕਪੂਰਥਲਾ ਸ਼ਾਖਾ ਪ੍ਰਮੁੱਖ) ਅਤੇ ਯਾਤਰਾ ਵਿੱਚ ਸ਼ਾਮਲ ਪ੍ਰਮੁੱਖ ਹਸਤੀਆਂ ਡਾ. ਸੁਰਿੰਦਰ ਕੁਮਾਰ ਮਨਚੰਦਾ, ਡਾ. ਪੂਨਮ ਮਨਚੰਦਾ ਅਤੇ ਸੰਜੀਵ ਮੋਗਲਾ ਵੱਲੋਂ ਸ਼ਿਵ ਮੰਦਰ, ਸੁਲਤਾਨਪੁਰ ਤੋਂ ਮਾਤਾ ਰਾਣੀ ਦੀ ਮਨਮੋਹਕ ਮੂਰਤੀ ਦਾ ਵਿਧਿਵਤ ਤਰੀਕੇ ਨਾਲ ਪੂਜਨ ਕਰਕੇ ਅਤੇ ਨਰੀਆਲ ਤੋੜ ਕੇ ਕੀਤੀ ਗਈ। ਇਸ ਮੌਕੇ ਸਾਧਵੀ ਗੁਰਪ੍ਰੀਤ ਭਾਰਤੀ ਨੇ ਕਿਹਾ ਕੇ ਦੇਵੀ ਮਾਂ ਦੇ ਸਕਾਰ ਰੂਪ ਨੂੰ ਨਾਲ ਲੈ ਕੇ ਚੱਲੀ ਇਹ ਟੋਲੀ ਸਾਰਿਆਂ ਨੂੰ ਆਪਣੇ ਅੰਦਰ ਬਿਰਾਜਮਾਨ ਉਸ ਨਿਰਾਕਾਰ ਸੂਰਤ ਨੂੰ ਜਾਣ ਕੇ ਉਸਦੀ ਭਗਤੀ ਨਾਲ ਜੁੜਨ ਦਾ ਸੰਦੇਸ਼ ਦੇ ਰਹੀ ਸੀ। ਉਨ੍ਹਾਂ ਨੇ ਕਿਹਾ ਕੇ ਜਗਦੰਬੇ ਮਾਂ ਦੇ ਦੋ ਸਰੂਪ ਦੱਸੇ ਗਏ ਹਨ ਇੱਕ ਸਕਾਰ ਅਤੇ ਦੂਜਾ ਨਿਰਾਕਾਰ। ਸਕਾਰ ਰੂਪ ਜੋ ਸਮੇਂ ਸਮੇਂ ਤੇ ਹਰ ਕਾਲ ਵਿੱਚ ਪਾਪੀਆਂ ਦਾ ਨਾਸ ਕਰਨ ਲਈ ਅਤੇ ਆਪਣੇ ਭਗਤਾਂ ਦਾ ਉਧਾਰ ਕਰਨ ਲਈ ਸ਼ਕਤੀ ਪ੍ਰਗਟ ਹੁੰਦੀ ਹੈ। ਦੂਸਰਾ ਮਾਂ ਦਾ ਨਿਰਾਕਾਰ ਰੂਪ ਜਿਹੜਾ ਹਰ ਇਨਸਾਨ ਦੇ ਅੰਦਰ ਬਿਰਾਜਮਾਨ ਹੈ, ਉਸਦਾ ਪ੍ਰਤੱਖ ਦਰਸ਼ਨ ਕਰਕੇ ਉਸ ਮਾਂ ਸ਼ਕਤੀ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਏਸੇ ਹੀ ਭਗਤੀ ਮਾਰਗ 'ਤੇ ਚੱਲਣ ਦਾ ਸੁਨੇਹਾ ਦਿੰਦੀ ਇਹ ਸੰਧਿਆ ਫੇਰੀ ਸ਼ਹਿਰ ਦੇ ਅਲੱਗ ਅਲੱਗ ਚੌਕਾਂ 'ਚੋਂ ਹੁੰਦੀ ਹੋਈ ਭਾਰਾਮਲ ਮੰਦਰ ਪਹੁੰਚੀ। ਇਸ ਮੌਕੇ ਸ਼ਿਵ ਮੰਦਰ ਸੁਲਤਾਨਪੁਰ ਲੋਧੀ ਵਿਖੇ ਭਜਨ ਕੀਰਤਨ ਕਰਨ ਵਾਲੀਆਂ ਮਹਿਲਾਵਾਂ ਵਿੱਚ ਪ੍ਰਧਾਨ ਸਿਕਸਾ ਅਰੋੜਾ, ਸੁਸ਼ਮਾ ਅਰੋੜਾ, ਸਵਰਨ ਕਾਂਤਾ, ਕਿਰਨ ਅਰੋੜਾ, ਵੀਨਾ ਅਰੋੜਾ, ਮਾਲਾ ਮੋਗਲਾ, ਆਸ਼ਾ ਅਰੋੜਾ ਤੋਂ ਇਲਾਵਾ ਵੱਡੀ ਸੰਖਿਆ ਵਿਚ ਸੰਗਤ ਮੌਜੂਦ ਸੀ।

## ਸੁਖੀ ਵੱਡੀ ਲੀਡ ਨਾਲ ਜਿੱਤੇਗਾ : ਬਸਪਾ ਆਗੂ

**ਆਦਮਪੁਰ (ਪਰਮਜੀਤ ਸਿੰਘ)**—ਬਸਪਾ ਐਮ. ਐਲ. ਏ. ਤੇ ਇੰਚਾਰਜ ਬਸਪਾ ਪੰਜਾਬ ਡਾ. ਨਛੱਤਰ ਪਾਲ ਟਕਸਾਲੀ ਅੰਬੇਡਕਰੀ ਬਾਬੂ ਗੁਰਮੀਤ ਲਾਲ ਦੇ ਘਰ ਪਹੁੰਚੇ ਅਤੇ ਮੌਜੂਦਾ ਸਿਆਸੀ ਹਾਲਾਤਾਂ 'ਤੇ ਚਰਚਾ ਕੀਤੀ। ਉਹਨਾਂ ਕਿਹਾ ਮੌਜੂਦਾ ਆਪ ਸਰਕਾਰ ਆਪਣੇ ਵਾਅਦੇ ਪੂਰੇ ਨਹੀਂ ਕਰ ਸਕੀ ਤੇ ਪੰਜਾਬ ਦੀ ਜਨਤਾ ਦਾ ਇਸ ਤੋਂ ਮੋਹ ਭੰਗ ਹੋਣ ਲੱਗਾ ਹੈ। ਇਸਦਾ ਫਾਇਦਾ ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਲੋਕ ਸਭਾ ਦੀ ਜ਼ਿਮਨੀ ਚੋਣ ਲੜ ਰਹੇ ਉਮੀਦਵਾਰ ਡਾ. ਸੁਖਵਿੰਦਰ ਸੁਖੀ ਨੂੰ ਹੋਵੇਗਾ ਤੇ ਉਹ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ। ਇਸ ਮੌਕੇ ਉਹਨਾਂ ਨਾਲ ਪਰਮਜੀਤ ਮੱਲ ਖਜਾਨਜੀ ਬਸਪਾ ਪੰਜਾਬ, ਜਗਦੀਸ਼ ਦੀਸ਼ਾ ਜੱਸਲ , ਰਮੇਸ਼ ਕੁਮਾਰ ਤੇ ਬੀਬਾ ਸੰਤੋਸ਼ ਕੁਮਾਰੀ ਹਾਜਰ ਸਨ ।



# ਬੇਗਮਪੁਰਾ ਟਾਈਗਰ ਫੋਰਸ ਵੱਲੋਂ ਸਿਵਲ ਸਰਜਨ ਤੇ ਡਾ. ਪਵਨ ਕੁਮਾਰ ਸਨਮਾਨਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਬੇਗਮਪੁਰਾ ਟਾਈਗਰ ਫੋਰਸ ਵਲੋਂ ਸਿਵਲ ਸਰਜਨ ਦਫਤਰ ਹੁਸ਼ਿਆਰਪੁਰ ਵਿਖੇ ਜੁਆਇਨ ਕੀਤੇ ਨਵੇਂ ਸਿਵਲ ਸਰਜਨ ਡਾ: ਬਲਵਿੰਦਰ ਕੁਮਾਰ ਡਿਮਾਣਾ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਦੇ ਨਾਲ ਅਡੀਸ਼ਨਲ ਸਿਵਲ ਸਰਜਨ ਡਾ: ਪਵਨ ਕੁਮਾਰ ਨੂੰ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਸਰੂਪ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਅਤੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਨੇ ਸਿਵਲ ਸਰਜਨ ਗੱਲਬਾਤ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਬਚਪਨ ਤੋਂ ਹੀ ਭਾਰਤ ਦੇਸ਼ ਅੰਦਰ ਰਹਿ ਰਹੇ ਦੱਬੇ ਕੁਚਲੇ ਲੋਕਾਂ ਨੂੰ ਮਾਨ ਸਨਮਾਨ ਦਿਵਾਉਣ ਲਈ ਫਿਕਰ ਮੰਦ ਸਨ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੇ ਬਹੁਤ ਹੀ ਮਾੜੇ ਹਲਾਤਾਂ ਵਿੱਚ ਉੱਚ ਵਿਦਿਆ ਹਾਸਲ ਕਰਕੇ ਪਸ਼ੂਆਂ ਵਾਲੀ ਜਿੰਦਗੀ ਬਤੀਤ ਕਰ ਰਹੇ ਦੱਬੇ ਕੁਚਲੇ ਲੋਕਾਂ ਨੂੰ ਬਰਾਬਰਤਾ ਦਾ ਹੱਕ ਦੁਆਇਆ। ਬਾਬਾ ਸਾਹਿਬ ਜੀ ਨੇ ਆਪਣੇ ਜੀਵਨ ਦੇ 40 ਸਾਲ ਦੱਬੇ ਕੁਚਲੇ ਸਮਾਜ ਅਤੇ ਔਰਤਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਬਰਾਬਰ ਦੇ ਹੱਕ ਦਿਵਾਉਣ ਲਈ ਸੰਘਰਸ਼ ਕੀਤਾ। ਉਨ੍ਹਾਂ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਨਸ਼ਿਆਂ ਅਤੇ ਲੜਾਈਆਂ ਝਗੜਿਆਂ ਤੋਂ ਰਹਿਤ ਤੇ ਰੂੜੀ ਵਾਦੀ ਵਿਚਾਰਾਂ ਤੋ ਉਪਰ ਉੱਠ ਕੇ ਪੜ੍ਹੇ ਲਿਖੇ ਸਮਾਜ ਦੀ ਸਿਰਜਣਾ ਕੀਤੀ ਜਾਵੇ। ਉਨ੍ਹਾਂ ਸਿਵਲ ਹਸਪਤਾਲ ਵਿੱਚ ਮਰੀਜ਼ਾਂ ਨੂੰ ਆ ਰਹੀਆਂ ਪ੍ਰੇਸ਼ਾਨੀਆਂ ਬਾਰੇ ਵਿਚਾਰ-ਵਟਾਂਦਰਾਂ ਕੀਤਾ। ਸਿਵਲ ਸਰਜਨ ਡਾ. ਡਿਮਾਣਾ ਨੇ ਕਿਹਾ ਕਿ ਹਸਪਤਾਲ 'ਚ ਮਰੀਜਾਂ ਨੂੰ ਕੋਈ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਮਿਆਰੀ ਸਿਹਤ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਨਰੇਸ਼ ਕੁਮਾਰ ਬੱਧਣ,ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਤੇ ਸ਼ਹਿਰੀ ਸਕੱਤਰ ਜੱਖੂ ਆਦਿ ਹਾਜ਼ਰ ਸਨ।



# ਐੱਸ ਜੇ ਐੱਸ ਇਨੋਵੇਟਿਵ ਸਕੂਲ ਵਿਖੇ ਲੜਕੀਆਂ ਦੀ ਸਿਹਤ ਸੰਬੰਧੀ ਕਰਵਾਇਆ ਸੈਮੀਨਾਰ



**ਅੱਡਾ ਸਰਾਂ, (ਕਾਜਲ)**

ਅਜੋਕੇ ਸਮੇਂ ਵਿਚ ਲੜਕੀਆਂ ਸਖਤ ਮਿਹਨਤ ਕਰਕੇ ਆਦਰਸਕ ਸਮਾਜ ਦੀ ਸਿਰਜਣਾ ਲਈ ਆਪਣਾ ਵਡਮੁੱਲਾ ਯੋਗਦਾਨ ਪਾ ਰਹੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਔਰਤਾਂ ਦੇ ਰੋਗਾਂ ਦੇ ਮਾਹਿਰ ਡਾਕਟਰ ਮੀਨੂੰ ਪੁਰੀ ਵੱਲੋਂ ਸਥਾਨਕ ਅੱਡੇ 'ਤੇ ਸਥਿਤ ਐੱਸ.ਜੇ.ਐੱਸ ਇਨੋਵੇਟਿਵ ਸਕੂਲ ਵਿਖੇ ਕੀਤਾ। ਉਹ ਸਕੂਲ ਦੀ ਚੇਅਰਪਰਸਨ ਗੁਰਬਖਸ਼ ਕੌਰ ਧਾਲੀਵਾਲ ਦੇ ਦਿਸ਼ਾ ਨਿਰਦੇਸ਼ਾਂ ਤੇ ਪ੍ਰਿੰਸੀਪਲ ਹਰਪ੍ਰੀਤ ਕੌਰ ਦੀ ਅਗਵਾਈ ਵਿਚ ਲੜਕੀਆਂ ਦੀ ਸਿਹਤ ਸਬੰਧੀ ਕਰਵਾਏ ਗਏ ਸੈਮੀਨਾਰ ਵਿਚ ਵਿਦਿਆਰਥਣਾਂ ਦੇ ਸਨਮੁੱਖ ਸਨ । ਇਸ ਸਮੇਂ ਡਾ.ਮੀਨੂੰ ਵੱਲੋਂ ਲੜਕੀਆਂ ਵਿਚ 10 ਤੋਂ 18 ਸਾਲ ਉਮਰ ਅਵਸਥਾ ਵਿਚ ਆਉਂਣ ਵਾਲੀਆਂ ਸਰੀਰਕ ਤੇ ਮਾਨਸਿਕ ਤਬਦੀਲੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਸ ਉਮਰ ਵਿਚ ਪ੍ਰਵੇਸ਼ ਕਰਦਿਆਂ ਲੜਕੀਆਂ ਦੇ ਸਰੀਰ ਵਿਚ ਕਈ ਤਰ੍ਹਾਂ ਦੇ ਬਦਲਾਅ ਆਉਂਦੇ ਹਨ ਅਤੇ ਜੇਕਰ ਇਸ ਸਮੇਂ ਆਮ ਬਦਲਾਅ ਦੇ ਨਾਲ-ਨਾਲ ਸਰੀਰ ਵਿਚ ਕੋਈ ਖਾਸ ਬਦਲਾਅ ਆਵੇ ਤਾਂ ਲੜਕੀਆਂ ਨੂੰ ਇਸ ਬਾਰੇ ਆਪਣੀ ਮਾਤਾ ਜਾਂ ਸਕੂਲ ਅਧਿਆਪਕਾਵਾਂ ਨਾਲ ਸਾਂਝਾ ਕਰਨਾ ਚਾਹੀਦਾ ਹੈ ਤੇ ਮਹਿਲਾ ਮਾਹਿਰ ਡਾਕਟਰਾਂ ਦੀ ਸਲਾਹ ਵੀ ਲੈਣੀ ਚਾਹੀਦੀ ਹੈ। ਉਨ੍ਹਾਂ ਨਾਲ ਹੀ ਲੜਕੀਆਂ ਨੂੰ ਇਸ ਅਵਸਥਾ ਵਿਚ ਆਪਣੇ ਖਾਣ-ਪੀਣ 'ਤੇ ਵਿਸ਼ੇਸ਼ ਧਿਆਨ ਦੇਣ ਦੀ ਸਲਾਹ ਵੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਅਵਸਥਾ ਵਿਚ ਲੜਕੀਆਂ ਨੂੰ ਆਇਰਨ ਅਤੇ ਪ੍ਰੋਟੀਨ ਦੀ ਕਮੀ ਹੋ ਸਕਦੀ ਹੈ। ਇਸ ਦੀ ਲੋੜੀਂਦੀ ਮਾਤਰਾ ਦਾ ਸੇਵਨ ਜਰੂਰ ਕਰਨਾ ਚਾਹੀਦਾ ਹੈ। ਇਸ ਮੌਕੇ ਵਰਿੰਦਰ ਕੌਰ,ਹਰਮਿੰਦਰ ਕੌਰ, ਰੇਨੂੰ ਬੱਗਾ,ਰਾਜਵਿੰਦਰ ਕੌਰ, ਗੁਰਪ੍ਰੀਤ ਕੌਰ, ਮਨਜੀਤ ਕੌਰ ਆਦਿ ਹਾਜਰ ਸਨ।



## ਬਰਸੀ ਮੌਕੇ ਸੰਤ ਸਮਾਗਮ ਤੇ ਕੀਰਤਨ ਦਰਬਾਰ ਕਰਵਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਡੁਗਾਣਾ ਕਲਾਂ ਵਿਖੇ ਹਰਗੜ੍ਹ ਰੋਡ 'ਤੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਜੀ ਦੇ ਅਸਥਾਨ 'ਤੇ ਬ੍ਰਹਮ ਗਿਆਨੀ 108 ਸੰਤ ਬਾਬਾ ਸਤਪਾਲ ਸਿੰਘ ਜੀ ਸਾਹਰੀ ਵਾਲਿਆਂ ਦੇ ਅਸ਼ੀਰਵਾਦ ਨਾਲ ਬ੍ਰਹਮ ਗਿਆਨੀ 108 ਸੰਤ ਦਿਲਵਾਰ ਸਿੰਘ ਬ੍ਰਹਮ ਜੀ ਜੱਬੜ, ਬੀਬੀ ਗਿਆਨ ਕੌਰ ਜੀ ਦੀ ਸਾਲਾਨਾ ਦੂਜੀ ਬਰਸੀ ਮੌਕੇ ਸੰਤ ਸਮਾਗਮ ਅਤੇ ਕੀਰਤਨ ਦਰਬਾਰ ਕਰਵਾਏ ਗਏ। ਬਰਸੀ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ। ਉਪਰੰਤ ਦੀਵਾਨ ਹਾਲ ਵਿੱਚ ਸੰਤ ਬਾਬਾ ਸਰਵਣ ਸਿੰਘ ਜੱਬੜ, ਸੰਤ ਬਾਬਾ ਰਣਜੀਤ ਸਿੰਘ ਡੁਗਾਣਾ ਕਲਾਂ, ਸੰਤ ਬਾਬਾ ਗੁਰਬਚਨ ਦਾਸ ਚੱਕ ਲਾਧੀਆ, ਜਥੇਦਾਰ ਦਲਜੀਤ ਸਿੰਘ ਮਾਹਿਲਪੁਰੀ, ਸੰਤ ਬਾਬਾ ਨਿਰੰਜਣ ਦਾਸ ਕਾਹਰੀ, ਸੰਤ ਬਾਬਾ ਗੁਰਮੁੱਖ ਸਿੰਘ, ਸੰਤ ਸਿੰਘ ਅਮਰ ਸਿੰਘ, ਸੰਤ ਬਾਬਾ ਸੁਰਿੰਦਰ ਸਿੰਘ ਕੰਦੋਲਾ, ਸੰਤ ਬਾਬਾ ਕੇਸਰ ਸਿੰਘ ਈਸਪੁਰ ਆਦਿ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਦਿਲਬਾਗ ਸਿੰਘ, ਲਖਪ੍ਰੀਤ ਸਿੰਘ, ਜੋਤਾਂ ਸਿੰਘ, ਅਮਰਜੋਤ, ਅਮਨਪ੍ਰੀਤ ਸਿੰਘ ਕਨੇਡਾ, ਲਵਪ੍ਰੀਤ ਕੌਰ ਕਨੇਡਾ, ਹਰਦੀਪ ਕੌਰ, ਗਗਨਪ੍ਰੀਤ ਸਿੰਘ, ਮਨਜੀਤ ਕੌਰ, ਕਮਲਪ੍ਰੀਤ ਕੌਰ, ਦਵਿੰਦਰ ਸਿੰਘ, ਗੁਰਸੇਵਕ ਸਿੰਘ, ਕਰਨੈਲ ਸਿੰਘ ਧਾਮੀ, ਅਵਤਾਰ ਸਿੰਘ, ਚਮਨ ਸਿੰਘ ਫੌਜੀ, ਸਤਨਾਮ ਸਿੰਘ, ਲਖਵਿੰਦਰ ਸਿੰਘ, ਸੁਖਵਿੰਦਰ ਸਿੰਘ ਕਮਲਜੀਤ ਸਿੰਘ, ਸਤਪਾਲ ਸਿੰਘ, ਜੋਗਿੰਦਰ ਸਿੰਘ ਆਦਿ ਹਾਜਰ ਸਨ।